# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ


ਕਲਾਸ : ਬੀ. ਏ. 2 (ਸਮਾਜ ਵਿਗਿਆਨ) ਸਮੈਸਟਰ ਚੌਥਾ

ਮੀਡੀਅਮ : ਪੰਜਾਬੀ ਯੂਨਿਟ : 1

ਪਾਠ ਨੰ.


1.1 : ਸਮਾਜਿਕ ਪਰਿਵਰਤਨ ਦਾ ਅਰਥ

1.2 : ਸਮਾਜਿਕ ਪਰਿਵਰਤਨ ਦੀਆਂ ਕਿਸਮਾਂ

1.3 : ਸਮਾਜਿਕ ਪਰਿਵਰਤਨ ਦੇ ਕਾਰਕ : ਜਨਸੰਖਿਅਕ ਅਤੇ ਸੰਸਕ੍ਰਿਤਕ

1.4 : ਸਮਾਜਿਕ ਪਰਿਵਰਤਨ ਦੇ ਤਕਨੀਕੀ ਅਤੇ ਆਰਥਿਕ ਕਾਰਕ



***Department website : www.pbidde.org***

ਪਾਠ ਨੰ : 1.1 ਲੇਖਕਾ : ਡਾ. ਹਰਿੰਦਰ ਕੌਰ

# ਸਮਾਜਿਕ ਪਰਿਵਰਤਨ ਦਾ ਅਰਥ
# (Meaning of Social Change)

**ਰੂਪ ਰੇਖਾ**


1.0 ਉਦੇਸ਼
1.1 ਸਮਾਜਿਕ ਪਰਿਵਰਤਨ ਦਾ ਅਰਥ
1.2 ਪਰਿਭਾਸ਼ਾਵਾਂ
1.3 ਪਰਿਵਰਤਨ ਦੇ ਨਿਯਮ
1.4 ਪਰਿਵਰਤਨ ਦੀ ਪ੍ਰਕ੍ਰਿਤੀ ਜਾਂ ਸੁਭਾਅ
 1.4.1 ਸਿੱਧੀ ਰੇਖਾ ਦਾ ਸਿਧਾਂਤ
 1.4.2 ਗੇੜ ਦਾ ਸਿਧਾਂਤ
1.5 ਵੱਖ ਵੱਖ ਵਿਗਿਆਨੀਆਂ ਦੇ ਵਿਚਾਰ
 1.5.1 ਅਗਸਤ ਕੌਂਤ
 1.5.2 ਹਰਬਰਟ ਸਪੈਂਸਰ
 1.5.3 ਕਾਰਲ ਮਾਰਕਸ
 1.5.4 ਹੌਬਹਾਊਸ, ਅਗਸਤ ਕੌਂਤ ਅਤੇ ਹਰਬਰਟ ਸਪੈਂਸਰ
 1.5.5 ਓਸਵਰਡ ਸਪੈਂਗਲਰ
 1.5.6 ਸੋਰੋਕਿਨ
 1.5.7 ਵਿਲਫਰੈਡੋ
1.6 ਸਾਰ
1.7 ਮੁੱਖ ਸ਼ਬਦ
1.8 ਅਭਿਆਸ ਲਈ ਪ੍ਰਸ਼ਨ
1.9 ਮਾਡਲ ਉੱਤਰ
1.10 ਸਹਾਇਕ ਪੁਸਤਕਾਂ


## 1.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਨੂੰ ਨਿਮਨਲਿਖਤ ਜਾਣਕਾਰੀ ਪ੍ਰਾਪਤ ਹੋ ਸਕੇਗੀ :-

- ਸਮਾਜਿਕ ਪਰਿਵਰਤਨ ਦਾ ਅਰਥ ਅਤੇ ਵੱਖ-ਵੱਖ ਵਿਗਿਆਨੀਆਂ ਦੁਆਰਾ ਦਿੱਤੀ ਇਸਦੀ ਪਰਿਭਾਸ਼ਾ।
- ਸਮਾਜਿਕ ਪਰਿਵਰਤਨ ਦੇ ਨਿਯਮ।
- ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਤੀ ਜਾਂ ਸੁਭਾਅ ਦਾ ਗਿਆਨ।
- ਵੱਖ-ਵੱਖ ਵਿਗਿਆਨੀਆਂ ਦੇ ਸਮਾਜਿਕ ਪਰਿਵਰਤਨ ਬਾਰੇ ਵਿਚਾਰ।

## 1.1 ਸਮਾਜਿਕ ਪਰਿਵਰਤਨ ਦਾ ਅਰਥ

ਪਰਿਵਰਤਨ ਕੁਦਰਤ ਦਾ ਨਿਯਮ ਹੈ। ਮੌਸਮ ਬਦਲਦੇ ਹਨ, ਰੁੱਤਾਂ ਬਦਲਦੀਆਂ ਹਨ ਭਾਵ ਸਮੇਂ ਨਾਲ ਹਰ ਚੀਜ਼ ਵਿਚ ਤਬਦੀਲੀ ਆਉਂਦੀ ਹੈ। ਇਸੇ ਤਰ੍ਹਾਂ ਸਾਡਾ ਸਮਾਜ ਵੀ ਇਸ ਬਦਲਾਓ ਤੋਂ ਮੁਕਤ ਨਹੀਂ ਸਮੇਂ ਦੇ ਨਾਲ ਨਾਲ ਇਸ ਵਿਚ ਵੀ ਪਰਿਵਰਤਨ ਆਉਂਦਾ ਹੈ ਅਤੇ ਇਹ ਸੁਭਾਵਿਕ ਹੈ। ਗੁੰਝਲਦਾਰ ਜਾਂ ਜਟਿਲ ਸਮਾਜਿਕ ਰਿਸ਼ਤਿਆਂ ਤੋਂ ਉਪਜਿਆ ਸਮਾਜ ਕਦੇ ਵੀ ਇਕ ਥਾਂ ਠਹਿਰਦਾ ਨਹੀਂ ਬਲਕਿ ਲਗਾਤਾਰ ਬਦਲਦਾ ਰਹਿੰਦਾ ਹੈ। ਸਮਾਜ ਵਿਚ ਹੋ ਰਹੇ ਇਸ ਬਦਲਾਓ ਨੂੰ ਹੀ ਅਸੀਂ ਸਮਾਜਿਕ ਪਰਿਵਰਤਨ ਦਾ ਨਾਂ ਦਿੰਦੇ ਹਾਂ ਕਿਉਂਕਿ ਸਮਾਜ ਸਮਾਜਿਕ ਰਿਸ਼ਤਿਆਂ ਜਾਂ ਬੰਧਨਾਂ ਦੇ ਜਾਲ ਤੋਂ ਬਣਿਆ ਹੈ। ਇਨ੍ਹਾਂ ਸਮਾਜਿਕ ਰਿਸ਼ਤਿਆਂ ਵਿੱਚ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਨਮੂਨੇ ਅਤੇ ਸਮਾਜਿਕ ਅੰਤਰ ਕ੍ਰਿਆਵਾਂ ਸ਼ਾਮਿਲ ਹੁੰਦੀਆਂ ਹਨ। ਲੋਕਾਂ ਦੇ ਸਮੂਹਾਂ,

ਸਮਾਜ ਦੇ ਢਾਂਚੇ, ਪ੍ਰਾਕ੍ਰਿਤੀ ਅਤੇ ਵਿਸ਼ੇ-ਵਸਤੂ (Content) ਸੰਸਥਾਵਾਂ ਅਤੇ ਮਨੁੱਖੀ ਸੰਬੰਧਾਂ ਵਿਚ ਲਗਾਤਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਪਰਿਵਰਤਨ ਵਿਚ ਸਮਾਜ ਦੇ ਵੱਖੋ-ਵੱਖਰੇ ਅੰਗਾਂ ਦੇ ਆਪਸੀ ਸੰਬੰਧ ਅਤੇ ਆਪਸੀ ਕੰਮਕਾਜ ਸ਼ਾਮਿਲ ਹੁੰਦੇ ਹਨ। ਬਾਅਦ ਵਿਚ ਹੌਲੀ ਹੌਲੀ ਸਮਾਜ ਦੀ ਸੰਰਚਨਾ ਵਿਚ ਵੀ ਪਰਿਵਰਤਨ ਆ ਜਾਂਦਾ ਹੈ।

ਸਮਾਜਿਕ ਪਰਿਵਰਤਨਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਇਹ ਇਕ ਅਜਿਹੀ ਪ੍ਰਕ੍ਰਿਆ ਹੈ ਜਿਹੜੀ ਕਿ ਕਿਸੇ ਖਾਸ ਸਮਾਜਿਕ ਪ੍ਰਣਾਲੀ ਦੀ ਬਣਤਰ ਅਤੇ ਉਸ ਦੇ ਕਾਰਜਾਂ ਵਿਚ ਹੋ ਰਹੀਆਂ ਮਹੱਤਵਪੂਰਨ ਤਬਦੀਲੀਆਂ ਨੂੰ ਸਮਝਣਯੋਗ ਬਣਾਉਂਦੀ ਹੈ। ਪਰਿਵਰਤਨ ਨਾਂ ਦਾ ਸ਼ਬਦ ਆਪਣੇ ਆਪ 'ਚ ਇਕ ਨਿਰਪੱਖ (Neutral) ਸ਼ਬਦ ਹੈ। ਇਹ ਸਿਰਫ਼ ਇਹ ਦਰਸਾਉਂਦਾ ਹੈ ਕਿ ਕਿਸੇ ਚੀਜ਼ ਵਿਚ, ਜਿਸ ਦਾ ਅਸੀਂ ਜ਼ਿਕਰ ਕਰ ਰਹੇ ਹੋਈਏ, ਸਮੇਂ ਦੇ ਨਾਲ ਕੀ ਭਿੰਨਤਾ ਆਈ। ਜਦੋਂ ਅਸੀਂ ਸਮਾਜਿਕ ਪਰਿਵਰਤਨ ਦੀ ਸੁਭਾਵਿਕ ਗੱਲ ਕਰਦੇ ਹਾਂ ਤਾਂ ਅਸੀਂ ਸਿਰਫ ਇਹ ਦੱਸਣਾ ਚਾਹੁੰਦੇ ਹਾਂ ਕਿ ਸਮਾਜਿਕ ਵਤੀਰੇ ਅਤੇ ਸਮਾਜਿਕ ਸੰਰਚਨਾ ਵਿਚ ਆਉਣ ਵਾਲੀ ਤਬਦੀਲੀ ਨੂੰ ਹੀ ਸਮਾਜਿਕ ਪਰਿਵਰਤਨ ਕਹਿੰਦੇ ਹਨ। ਇਹ ਪਰਿਵਰਤਨ ਕਿਸ ਦਿਸ਼ਾ ਵਲ ਹੋ ਰਿਹਾ ਹੈ ਜਾਂ ਇਸਦੀ ਸੇਧ ਬਾਰੇ ਅਸੀਂ ਸੰਕੇਤ ਨਹੀਂ ਕਰਦੇ ਅਤੇ ਨਾ ਹੀ ਇਸਦੀ ਲਗਾਤਾਰਤਾ ਜਾਂ ਨਿਰੰਤਰਤਾ ਦਾ ਅੰਦਾਜ਼ਾ ਲਗਾਉਂਦੇ ਹਾਂ ਪਰ ਜਦੋਂ ਅਸੀਂ ਸਮਾਜਿਕ ਪਰਿਵਰਤਨ ਨੂੰ ਇਕ ਪ੍ਰਕ੍ਰਿਆ ਦੇ ਤੌਰ ਤੇ ਬਿਆਨ ਕਰਦੇ ਹਾਂ ਤਾਂ ਇਸਦਾ ਮਤਲਬ ਹੈ ਕਿ ਅਸੀਂ ਲਗਾਤਾਰਤਾ (Continuity) ਦਾ ਵਿਚਾਰ ਪੇਸ਼ ਕਰ ਰਹੇ ਹਾਂ ਜਿਸ ਦਾ ਅਰਥ ਹੈ ਕਿ ਕਿਸੇ ਸਥਿਤੀ ਵਿਚ ਕੁਝ ਮੌਜੂਦਾ ਤਾਕਤਾਂ ਦੇ ਕ੍ਰਿਆਸ਼ਿਲ (Operational) ਹੋਣ ਨਾਲ ਸਮਾਜ ਵਿਚ ਖਾਸ ਕਿਸਮ ਦਾ ਬਦਲਾਓ ਹੋ ਰਿਹਾ ਹੈ। ਅਰਥਾਤ ਇਸ ਪ੍ਰਕ੍ਰਿਆ ਨੂੰ ਸਮਝਣ ਲਈ ਅਸੀਂ ਇਕ ਪੜਾਅ ਜਾਂ ਸਮੇਂ ਤੋਂ ਲੈ ਕੇ ਦੂਸਰੇ ਪੜਾਅ ਜਾਂ ਸਮੇਂ ਤੱਕ ਬਦਲਾਓ ਦੇ ਕ੍ਰਮ ਦਾ ਅਧਿਐਨ ਕਰਦੇ ਹਾਂ ਅਤੇ ਇਸਦੇ ਨਾਲ ਨਾਲ ਇਸਦੀ ਦਿਸ਼ਾ ਦਾ ਸੰਕੇਤ ਵੀ ਦੇਖਦੇ ਹਾਂ। ਇਹ ਦਿਸ਼ਾ ਅੱਗੇ ਵੱਲ ਜਾਂ ਪਿੱਛੇ ਨੂੰ ਵੀ ਹੋ ਸਕਦੀ ਹੈ ਜਿਹੜੀ ਕਿ ਸਮਾਜਿਕ ਸੰਗਠਨ ਲਈ ਅਤੇ ਉਸ ਨੂੰ ਨਿਖੇੜਨ ਲਈ ਵੀ ਜ਼ਿੰਮੇਵਾਰ ਹੋ ਸਕਦੀ ਹੈ।

ਮਨੁੱਖ ਲਗਾਤਾਰ ਆਪਣੇ ਅੰਦਰ ਤੇ ਬਾਹਰੀ ਸੰਸਾਰ ਨਾਲ ਪੇਸ਼ ਆਉਂਦੀਆਂ ਔਖਿਆਈਆਂ ਤੇ ਕਾਬੂ ਪਾਉਂਦਾ ਹੈ ਜੋ ਕਿ ਉਸ ਦੀਆਂ ਖੁਹਾਇਸ਼ਾਂ ਦੀ ਪੂਰਤੀ ਦੇ ਰਾਹ ਵਿਚ ਖੜੋ ਜਾਂਦੀਆਂ ਹਨ। ਇਨ੍ਹਾਂ ਕਠਿਨਾਈਆਂ ਜਾਂ ਮੁਸ਼ਕਿਲਾਂ ਤੇ ਕਾਬੂ ਪਾਉਣ ਲਈ ਉਹ ਬਾਹਰੀ ਹਾਲਤਾਂ ਵਿਚ ਬਦਲਾਓ ਲਿਆਉਂਦਾ ਹੈ ਅਤੇ ਨਾਲ ਨਾਲ ਆਪਣੇ ਆਪ ਨੂੰ ਵੀ ਬਦਲਦਾ ਹੈ। ਸਮਾਜ ਵਿਚ ਬਹੁਤ ਸਾਰੇ ਕਾਰਕਾਂ ਦੁਆਰਾ ਹੋ ਰਹੇ ਨਿਰੰਤਰ ਬਦਲਾਓ ਤੋਂ ਇਲਾਵਾ-ਕ੍ਰਿਆਵਾਂ ਆਪਣੇ ਆਪ ਨਵੀਆਂ ਸਮੱਸਿਆਵਾਂ ਪੇਸ਼ ਕਰਦੀਆਂ ਰਹਿੰਦੀਆਂ ਹਨ ਜਿਨ੍ਹਾਂ ਨੂੰ ਸੁਲਝਾਉਣਾ ਜ਼ਰੂਰੀ ਹੁੰਦਾ ਹੈ ਅਤੇ ਜੋ ਹਮੇਸ਼ਾ ਬਦਲਾਓ ਜਾਂ ਤਬਦੀਲੀ ਨਾਲ ਹੀ ਸੰਭਵ ਹੋ ਸਕਦਾ ਹੈ।

ਜੇਕਰ ਕਿਸੇ ਵੀ ਚੀਜ਼ ਵਿਚ ਕੁਝ ਅਰਸੇ ਦੌਰਾਨ ਨਿਰਖੇ ਅੰਤਰ ਨੂੰ ਪਰਿਵਰਤਨ ਕਿਹਾ ਜਾਂਦਾ ਹੈ ਤਾਂ ਇਸ ਦਾ ਅਰਥ ਹੈ ਕਿ ਕਿਸੇ ਵੀ ਸਮਾਜਿਕ ਪਰਪੰਚ (Phenomenon) ਵਿਚ ਕਿਸੇ ਵੀ ਸਮੇਂ ਦੌਰਾਨ ਪਰਖਣ ਯੋਗ ਅੰਤਰ ਨੂੰ ਸਮਾਜਿਕ ਪਰਿਵਰਤਨ ਕਿਹਾ ਜਾ ਸਕਦਾ ਹੈ। ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਸਮਾਜਿਕ ਪਰਿਵਰਤਨ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਦਿੱਤੀ ਹੈ।

## 1.2 ਪਰਿਭਾਸ਼ਾਵਾਂ

**ਸੈਮੂਅਲ ਕੋਇੰਨਿੰਗ** ਅਨੁਸਾਰ, "ਲੋਕਾਂ ਦੇ ਜਿਉਣ ਢੰਗਾਂ ਵਿਚ ਹੋ ਰਹੇ ਸੁਧਾਰ ਨੂੰ ਸਮਾਜਿਕ ਪਰਿਵਰਤਨ ਕਿਹਾ ਜਾਂਦਾ ਹੈ।"

**ਅਗਸਤ ਕੌਂਤ** ਲਿਖਦੇ ਹਨ, "ਸਮਾਜਿਕ ਪਰਿਵਰਤਨ ਮਨੁੱਖ ਦੇ ਬੌਧਿਕ ਵਿਕਾਸ ਦਾ ਨਤੀਜਾ ਹੈ।"

**ਮੈਕਾਇਵਰ ਅਤੇ ਪੇਜ਼** ਕਹਿੰਦੇ ਹਨ, "ਸਮਾਜਿਕ ਵਿਗਿਆਨੀ ਸਿੱਧੇ ਤੌਰ ਤੇ ਸਮਾਜਿਕ ਰਿਸ਼ਤਿਆਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਇਨ੍ਹਾਂ ਸਮਾਜਿਕ ਰਿਸ਼ਤਿਆਂ ਵਿਚ ਹੋਣ ਵਾਲੇ ਬਦਲਾਓ ਨੂੰ ਹੀ ਸਮਾਜਿਕ ਪਰਿਵਰਤਨ ਕਿਹਾ ਜਾ ਸਕਦਾ ਹੈ।"

**ਜੋਨਜ਼** ਦੇ ਵਿਚਾਰ ਅਨੁਸਾਰ, "ਸਮਾਜਿਕ ਪਰਿਵਰਤਨ ਇਕ ਅਜਿਹਾ ਸ਼ਬਦ ਹੈ ਜਿਹੜਾ ਕਿ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਨਮੂਨਿਆਂ, ਸਮਾਜਿਕ ਅੰਤਰ ਕ੍ਰਿਆਵਾਂ ਸੰਗਠਨਾਂ ਦੇ ਕਿਸੇ ਵੀ ਪੱਖ ਵਿਚ ਹੋ ਰਹੇ ਸੁਧਾਰ ਨੂੰ ਜਾਂ ਇਨ੍ਹਾਂ ਵਿਚ ਆ ਰਹੀ ਭਿੰਨਤਾ ਦੀ ਵਿਆਖਿਆ ਕਰਦਾ ਹੈ।

**ਟੀ.ਐਨ.ਮਜੂਮਦਾਰ** ਲਿਖਦੇ ਹਨ ਕਿ "ਸਮਾਜਿਕ ਪਰਿਵਰਤਨ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਇਹ ਇਕ ਫੈਸ਼ਨ ਵਿਧੀ ਜਾਂ ਢੰਗ ਹੈ ਜਿਸ ਵਿਚ ਲੋਕਾਂ ਦੇ ਰਹਿਣ ਸਹਿਣ ਦੀਆਂ ਪੁਰਾਣੀਆਂ ਵਿਧੀਆਂ ਜਾਂ ਸਮਾਜਿਕ ਕ੍ਰਿਆਵਾਂ ਦੀ ਥਾਂ ਨਵੀਆਂ ਸੁਧਾਰ ਪੂਰਵਕ ਵਿਧੀਆਂ ਤੇ ਕ੍ਰਿਆਵਾਂ ਲੈ ਲੈਂਦੀਆਂ ਹਨ।"

**ਡੈਵਿਸ** ਦਾ ਖਿਆਲ ਹੈ ਕਿ "ਸਮਾਜਿਕ ਪਰਿਵਰਤਨ ਸਿਰਫ ਸਮਾਜਿਕ ਸੰਗਠਨਾਂ ਭਾਵ ਸਮਾਜ ਦੇ ਢਾਂਚੇ ਅਤੇ ਉਸਦੇ ਅਤੇ ਉਸਦੇ ਕਾਰਜਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਅਰਥ ਹੈ।" ਕਾਰਜਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਅਰਥ

ਹੈ।" **ਮੈਰਿਲ ਅਤੇ ਐਲਡਰਿਜ** ਲਿਖਦੇ ਹਨ, "ਸਮਾਜਿਕ ਪਰਿਵਰਤਨ ਦਾ ਅਰਥ ਹੈ ਕਿ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੀਆਂ ਕ੍ਰਿਆਵਾਂ ਵਿਚ ਜੁੱਟੇ ਹੋਏ ਹਨ ਜਿਹੜੀਆਂ ਕਿ ਉਹਨਾਂ ਕ੍ਰਿਆਵਾਂ ਤੋਂ ਭਿੰਨ ਹਨ ਜੋ ਉਨ੍ਹਾਂ ਦੇ ਵੱਡੇ ਵਡੇਰੇ ਕੁਝ ਸਮਾਂ ਪਹਿਲਾਂ ਕਰਿਆ ਕਰਦੇ ਸਨ।

ਉਪਰ ਦਿੱਤੀਆਂ ਪਰਿਭਾਸ਼ਾਵਾਂ ਦੇ ਆਧਾਰ ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਮਾਜਿਕ ਪਰਿਵਰਤਨ ਉਨ੍ਹਾਂ ਸੁਧਾਰਾਂ ਵਲ ਸੰਕੇਤ ਕਰਦਾ ਹੈ ਜਿਹੜੇ ਕਿ ਸਮੇਂ ਸਮੇਂ ਸਿਰ ਮਨੁੱਖ ਦੇ ਜੀਉਣ ਦੇ ਤਰੀਕਿਆਂ ਢੰਗਾਂ ਜਾਂ ਢਾਂਚੇ ਵਿਚ ਆਉਂਦੇ ਰਹਿੰਦੇ ਹਨ।

## 1.3 ਪਰਿਵਰਤਨ ਦੇ ਨਿਯਮ

ਜਿਸ ਤਰ੍ਹਾਂ ਹਰ ਕ੍ਰਿਆ ਜਾਂ ਪ੍ਰਕ੍ਰਿਆ ਦੇ ਕੁਝ ਨਿਯਮ ਹੁੰਦੇ ਹਨ ਇਸੇ ਤਰ੍ਹਾਂ ਸਮਾਜਿਕ ਪਰਿਵਰਤਨਾਂ ਦੇ ਵੀ ਕੁਝ ਨਿਯਮ ਹਨ। ਸਮਾਜਿਕ ਪਰਿਵਰਤਨ ਇਕ ਸਰਵ ਵਿਆਪੀ ਪਰਪੰਚ (Phenomena) ਹੈ ਜਿਹੜਾ ਕਿ ਸੰਸਾਰ ਦੇ ਸਾਰੇ ਸਮਾਜਾਂ ਵਿਚ ਹੀ ਆਉਂਦਾ ਹੈ। ਕੋਈ ਵੀ ਸਮਾਜ ਸਥਿਰ ਨਹੀਂ ਬਲਕਿ ਸਮੇਂ ਨਾਲ ਇਸ ਵਿਚ ਬਦਲਾਓ ਆਉਂਦੇ ਰਹਿੰਦੇ ਹਨ। ਭਾਵੇਂ ਪੁਰਾਤਨ ਹੋਵੇ, ਜਾਂ ਨਵਾਂ, ਸਭਿਆ ਜਾਂ ਸ਼ਿਸਟ ਸਮਾਜ ਪਰ ਪਰਿਵਰਤਨ ਆਉਣਾ ਲਾਜ਼ਮੀ ਹੈ।

ਪਰਿਵਰਤਨ ਦੀ ਗਤੀ ਅਤੇ ਵਿਸਥਾਰ ਹਰ ਸਮਾਜ ਵਿਚ ਇਕਸਾਰਤਾ ਵਾਲਾ ਨਹੀਂ ਹੁੰਦਾ ਬਲਕਿ ਹਰ ਸਮਾਜ ਵਿਚ ਵੱਖਰਾ ਵੱਖਰਾ ਹੋਵੇਗਾ। ਕਿਸੇ ਸਮਾਜ ਵਿਚ ਤੇਜ਼ ਅਤੇ ਕਿਸੇ ਵਿਚ ਮੱਧਮ ਗਤੀ ਨਾਲ ਪਰਿਵਰਤਨ ਹੁੰਦਾ ਹੈ। ਜਿਵੇਂ ਸ਼ਹਿਰੀ ਥਾਵਾਂ ਤੇ ਪਰਿਵਰਤਨ ਵੀ ਤੇਜ਼ੀ ਨਾਲ ਆਉਂਦਾ ਹੈ ਪਰ ਪੇਂਡੂ ਸਮਾਜ ਵਿਚ ਇਸ ਦੀ ਰਫ਼ਤਾਰ ਮੱਧਮ ਹੁੰਦੀ ਹੈ। ਇਹ ਸਮਾਜਿਕ ਪਰਿਵਰਤਨ ਸਾਰੇ ਯੁੱਗਾਂ ਵਿਚ ਇਕੋ ਜਿਹਾ ਨਹੀਂ ਬਲਕਿ ਵੱਖੋਂ ਵੱਖਰਾ ਹੁੰਦਾ ਹੈ। ਇਸਦਾ ਰੋਲ ਹਮੇਸ਼ਾਂ ਹੀ ਇਕੋ ਜਿਹਾ ਨਹੀਂ ਰਿਹਾ। ਜੇਕਰ ਇਤਿਹਾਸ ਦੇ ਝਾਤ ਮਾਰੀਏ ਤਾਂ ਕੁਝ ਸਮੇਂ ਇਹੋ ਜਿਹੇ ਮਿਲਣਗੇ ਜਦੋਂ ਕਿ ਸਮਾਜਿਕ ਪਰਿਵਰਤਨ ਦੀ ਗਤੀ ਬਹੁਤ ਮੱਧਮ ਸੀ ਪਰ ਕਈ ਸਮੇਂ ਇਹੋ ਜਿਹੇ ਵੀ ਆਏ ਜਦੋਂ ਇਹ ਪਰਿਵਰਤਨ ਹੈਰਾਨੀਜਨਕ ਤੇਜ਼ੀ ਨਾਲ ਵਾਪਰਿਆ।

ਸਮਾਜਿਕ ਪਰਿਵਰਤਨ ਇਕਾਂਤ ਵਿਚ ਵਾਪਰਨ ਵਾਲੀ ਘਟਨਾ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਉਦੇਸ਼ ਤੋਂ ਬਿਨਾਂ ਹੁੰਦੀ ਹੈ ਬਲਕਿ ਇਹ ਪਰਿਵਰਤਨ ਅਸਲ ਵਿਚ ਨਿਰੰਤਰ ਘਟਨਾਵਾਂ ਦੀ ਲੜੀ ਵਿਚ ਕੜੀ ਦਾ ਕੰਮ ਕਰਦੇ ਹਨ। ਜਿਹੜੇ ਕਿ ਇਕ ਨਿਸ਼ਚਿਤ ਰਸਤਾ ਇਖਤਿਆਰ ਕਰਦੇ ਹੋਏ ਗਤੀਸ਼ੀਲਤਾ (dynamics) ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਸੋ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਪਰਿਵਰਤਨ ਇਕ ਲਗਾਤਾਰ ਹੋ ਰਹੇ ਬਦਲਾਓ ਦੀ ਵਿਧੀ ਹੈ।

ਸਮਾਜਿਕ ਪਰਿਵਰਤਨ ਇਕ ਕੁਦਰਤੀ ਨਿਯਮ ਹੈ ਜਿਸ ਦਾ ਵਾਪਰਨਾ ਲਾਜ਼ਮੀ ਹੈ। ਪਰ ਅਸੀਂ ਇਸ ਦੀ ਕੋਈ ਪੱਕੀ ਜਾਂ ਠੋਸ ਭਵਿੱਖਬਾਣੀ ਨਹੀਂ ਕਰ ਸਕਦੇ ਕਿ ਕਿਸ ਸਮੇਂ, ਕਿਸ ਸਮਾਜ ਵਿਚ, ਕਿਹੋ ਜਿਹਾ ਪਰਿਵਰਤਨ ਆਵੇਗਾ। ਇਸ ਦੇ ਲਈ ਕੋਈ ਵੀ ਸੁਭਾਵਿਕ ਨਿਯਮ ਕਾਇਮ ਨਹੀ ਕੀਤਾ ਜਾ ਸਕਦਾ ਜੋ ਇਸ ਦੀ ਨਿਸ਼ਚਿਤ ਕਿਸਮ ਬਾਰੇ ਕਲਪਨਾ ਕਰ ਸਕਦਾ ਹੋਵੇ ।

ਸਮਾਜਿਕ ਪਰਿਵਰਤਨ ਕ੍ਰਮਬੱਧ ਕੜੀ ਦੀ ਤਰ੍ਹਾਂ ਕੰਮ ਕਰਦਾ ਹੈ ਜੇਕਰ ਸਮਾਜ ਦੇ ਕਿਸੇ ਇਕ ਪਹਿਲੂ ਵਿਚ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਦਾ ਅਸਰ ਮਨੁੱਖ ਦੇ ਬਾਕੀ ਪਹਿਲੂਆਂ ਤੇ ਵੀ ਪੈਂਦਾ ਹੈ। ਜਿਵੇਂ ਭਾਰਤ ਵਿਚ ਉਦਯੋਗੀਕਰਣ ਨਾਲ ਘਰੇਲੂ ਉਦਯੋਗ ਕਮਜ਼ੋਰ ਹੋ ਗਿਆ, ਕਿਰਤ ਵੰਡ ਵਧ ਗਈ, ਅਤੇ ਔਰਤਾਂ ਨੂੰ ਘਰਾਂ ਦੀ ਚਾਰ ਦੀਵਾਰੀ ਛੱਡ ਕੇ ਬਾਹਰ ਰੋਜ਼ੀ ਰੋਟੀ ਕਮਾਉਣ ਲਈ ਆਉਣਾ ਪਿਆ। ਇਹ ਸਭ ਗੱਲਾਂ ਇਕ ਦੂਸਰੇ ਨਾਲ ਸੰਬੰਧਤ ਹਨ ਤੇ ਇਕ ਦੂਜੇ ਤੇ ਨਿਰਭਰ ਕਰਦੀਆਂ ਹਨ।

ਸਮਾਜਿਕ ਪਰਿਵਰਤਨ ਲਈ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ ਹੁੰਦਾ ਪਰੰਤੂ ਗੁੰਝਲਦਾਰ ਸਮਾਜ ਦੇ ਗੁੰਝਲਦਾਰ ਰਿਸ਼ਤਿਆਂ ਵਿਚ ਬਹੁਤ ਸਾਰੇ ਕਾਰਕਾਂ (Factors) ਕਰਕੇ ਬਦਲਾਓ ਆਉਂਦਾ ਹੈ। ਇਹ ਕਾਰਕ ਵੀ ਆਪਸ ਵਿਚ ਇਕ ਦੂਸਰੇ ਨਾਲ ਸੰਬੰਧਤ ਹੁੰਦੇ ਹਨ ਅਤੇ ਪਰਿਵਰਤਨ ਲਈ ਇਕ ਦੂਸਰੇ ਤੇ ਨਿਰਭਰ ਕਰਦੇ ਹਨ।

ਪਰਿਵਰਤਨ ਸਿਰਫ ਉਪਰਲੀ ਸਤਹਿ ਜਾਂ ਵਸਤੂਆਂ ਦੀ ਬਾਹਰੀ ਦਿੱਖ ਵਿਚ ਹੀ ਨਹੀਂ ਆਉਂਦਾ ਬਲਕਿ ਸਾਡੀਆਂ ਵਿਚਾਰ, ਧਾਰਾਵਾਂ, ਸਾਡੇ ਰਹਿਣ ਸਹਿਣ, ਬੋਲ ਚਾਲ, ਤੌਰ-ਤਰੀਕੇ, ਸਾਡੇ ਹੱਕ, ਗੱਲ ਕੀ ਸਾਡੇ ਜੀਵਨ ਦੇ ਹਰ ਸਮਾਜਿਕ ਪਹਿਲੂ ਵਿਚ ਬਦਲਾਓ ਆਉਂਦਾ ਹੈ।

## 1.4 ਪਰਿਵਰਤਨ ਦੀ ਪ੍ਰਕ੍ਰਿਤੀ ਜਾਂ ਸੁਭਾਅ

ਇਹ ਜਾਣਨ ਉਪਰੰਤ ਕਿ ਸਮਾਜਿਕ ਪਰਿਵਰਤਨ ਕੀ ਹੈ ਤੇ ਇਸ ਦੇ ਕੀ ਨਿਯਮ ਜਾਂ ਵਿਸ਼ੇਸ਼ਤਾਵਾਂ ਹਨ? ਹੁਣ ਸਾਡੇ ਲਈ ਇਹ ਪਤਾ ਲਗਾਉਣਾ ਵੀ ਜ਼ਰੂਰੀ ਹੈ ਕਿ ਇਸ ਸਮਾਜਿਕ ਪਰਿਵਰਤਨ ਦਾ ਸੁਭਾਅ ਕਿਹੋ ਜਿਹਾ ਹੈ। ਉਨੀਵੀਂ ਸਦੀ ਵਿਚ ਉਦਯੋਗਿਕ ਇਨਕਲਾਬ ਦੇ ਫਲਸਰੂਪ ਪੱਛਮੀ ਯੂਰਪ ਦੇ ਸਾਰੇ ਸਮਾਜਾਂ ਵਿਚ ਜ਼ੋਰਦਾਰ ਪਰਿਵਰਤਨ ਆਇਆ ਜਿਸ ਦਾ ਅਸਰ ਦੁਨੀਆਂ ਭਰ ਦੇ ਮੁਲਕਾਂ ਤੇ ਪਿਆ, ਖਾਸ ਤੌਰ ਤੇ ਉਹਨਾਂ ਤੇ, ਜਿਹਨਾਂ ਨੂੰ ਅਮਰੀਕਾ ਤੇ ਯੂਰਪੀ ਦੇਸ਼ਾਂ ਨੇ ਬਸਤੀਆਂ (colonies)

ਬਣਾ ਲਿਆ। ਉਸ ਸਮੇਂ ਯੂਰਪ ਦੇ ਉੱਘੇ ਸਮਾਜ ਵਿਗਿਆਨੀਆਂ ਜਿਵੇਂ ਅਗਸਤ ਕੋਂਤ, ਹਰਬਰਟ ਸਪੈਂਸਰ, ਕਾਰਲ ਮਾਰਕਸ, ਐਲ.ਟੀ.ਹੋਬਹਾਊਸ, ਸਪੈਂਗਲਰ, ਅਰਨੋਲਡ ਟੋਇਨਬੀ, ਪਿਤਰੀਮ ਸੋਰੋਕਿਨ ਅਤੇ ਵਿਲਫਰੈਂਡ ਪੇਰੇਤੋ ਨੇ ਸਮਾਜਿਕ ਪਰਿਵਰਤਨ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਕਿਉਂਕਿ ਇਸ ਸਮੇਂ ਸਮਾਜਿਕ ਪਰਿਵਰਤਨ ਨੇ ਸਾਰੇ ਸਮਾਜਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੋਇਆ ਸੀ। ਇਹਨਾਂ ਵਿਗਿਆਨੀਆਂ ਨੇ ਦੋ ਤਰ੍ਹਾਂ ਦੇ ਵਿਚਾਰ ਦਰਸਾਏ।

**1.4.1 ਸਿੱਧੀ ਰੇਖਾ ਦਾ ਸਿਧਾਂਤ :**

ਇਹ ਉਹ ਸਮਾਜ ਵਿਗਿਆਨੀ ਹਨ ਜਿਹੜੇ ਸਮਾਜ ਦੀ ਤਰੱਕੀ ਜਾਂ ਬਦਲਾਓ ਨੂੰ ਇਕ ਬਿੰਦੂ ਤੋਂ ਦੂਜੇ ਬਿੰਦੂ ਤੱਕ, ਸਿੱਧੀ ਰੇਖਾ ਵਿਚ ਚਲਦਾ ਵੇਖਦੇ ਹਨ ਜਿਸ ਨੂੰ ਸਿੱਧੀ ਰੇਖਾ ਦਾ ਸਿਧਾਂਤ (Linear theory) ਦਾ ਨਾਂ ਦਿੱਤਾ ਹੈ। ਇਸ ਅਨੁਸਾਰ ਸਮਾਜਿਕ ਬਦਲਾਓ ਇਕ ਅਜਿਹੀ ਪ੍ਰਕ੍ਰਿਆ ਹੈ ਜੋ ਕਿਸੇ ਵੀ ਸਮਾਜ ਵਿਚ ਇਕ ਵਕਤ ਤੋਂ ਦੂਸਰੇ ਵਕਤ ਵਿਚ ਅੰਤਰ ਦੱਸਦੀ ਹੈ। ਜਿਸ ਦਾ ਸੁਭਾਅ ਗੁਣਆਤਮਕ (qualitative) ਹੁੰਦਾ ਹੈ ਅਤੇ ਇਹ ਇਕ ਪੌੜੀ ਉਤੇ ਚੜਣ ਵਰਗੀ ਕਿਰਿਆ ਹੁੰਦੀ ਹੈ। ਹਰ ਇਕ ਟੰਬਾ ਚੜਣ ਵਾਲੇ ਨੂੰ ਪਹਿਲਾਂ ਨਾਲੋਂ ਹੋਰ ਉੱਚਾ ਲੈ ਜਾਂਦਾ ਹੈ। ਇਸ ਸਿਧਾਂਤ ਮੁਤਾਬਿਕ ਪਹਿਲਾਂ ਵਾਲਾ ਆਦਮ ਸਮਾਜ ਪਿਛੜਿਆ ਹੋਇਆ ਸੀ ਤੇ ਹੁਣ ਵਾਲਾ ਸਮਾਜ ਵਿਕਸਿਤ ਹੈ। ਇਸੇ ਤਰ੍ਹਾਂ ਦੁਨੀਆਂ ਦੇ ਕੁਝ ਮੁਲਕ ਪਿੱਛੜੇ ਹੋਏ ਹਨ। ਇਸ ਕਿਸਮ ਦੇ ਬਦਲਾਓ ਨੂੰ ਸਹਿਜ ਵਿਕਾਸ ਸਿਧਾਂਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**1.4.2 ਗੇੜ ਦਾ ਸਿਧਾਂਤ :**

ਦੂਸਰੇ ਕਿਸਮ ਦਾ ਬਦਲਾਓ ਗੇੜ ਦਾ ਸਿਧਾਂਤ (cyclical theory) ਹੁੰਦਾ ਹੈ। ਇਸ ਸਿਧਾਂਤ ਦੀ ਇਹ ਧਾਰਨਾ ਹੈ ਕਿ ਸਮਾਜਿਕ ਬਦਲਾਓ ਜਾਂ ਵਿਕਾਸ ਕੋਈ ਅਜਿਹੀ ਕਿਰਿਆ ਨਹੀਂ ਹੈ ਜੋ ਲਗਾਤਾਰ ਇਕੋ ਪਾਸੇ ਸਿੱਧੀ ਰੇਖਾ ਵਿਚ ਤੁਰੀ ਰਹੇ ਕੋਈ ਵੀ ਦੇਸ਼ ਜਾਂ ਸਮਾਜ ਸਦਾ ਹੀ ਤਰੱਕੀ ਵਾਲੇ ਪਾਸੇ ਨਹੀਂ ਜਾਂਦੇ ਸਗੋਂ ਉਨ੍ਹਾਂ ਵਿਚ ਉਤਰਾ ਚੜਾਅ ਵੀ ਆਉਂਦੇ ਹਨ, ਜੇ ਮਨੁੱਖੀ ਸਮਾਜ ਦੇ ਵਿਕਾਸ ਦਾ ਇਤਿਹਾਸ ਵੇਖਿਆ ਜਾਵੇ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਮਾਜ ਵਿਚ ਵਿਕਾਸ ਦੀ ਲਗਾਤਾਰਤਾ ਨਜ਼ਰ ਨਹੀਂ ਆਉਂਦੀ ਸਗੋਂ ਇਸ ਦੇ ਉਲਟ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੋ ਦੇਸ਼ ਦਾ ਸਮਾਜ ਜਾਂ ਸਭਿਅਤਾ ਪਹਿਲਾਂ ਕਿਸੇ ਵੇਲੇ ਤਰੱਕੀ ਦੇ ਸਿਖਰ ਤੇ ਸਨ ਅੱਜ ਕੱਲ ਉਹ ਪਛੜੇ ਹੋਏ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ ਜੋ ਪਹਿਲਾਂ ਪਿਛੜੇ ਹੋਏ ਸਨ ਅੱਜ ਉਹ ਤਰੱਕੀ ਦੇ ਸਿਖਰ ਛੂਹ ਰਹੇ ਹਨ। ਉਦਾਹਰਣ ਵਜੋਂ ਬੈਬੀਲੋਨ, ਯੂਨਾਨ, ਨੀਲ ਅਤੇ ਸਿੰਧੂ ਘਾਟੀ ਦੀਆਂ ਸਭਿਆਤਾਵਾਂ ਪਹਿਲਿਆਂ ਸਮਿਆਂ ਵਿਚ ਦੁਨੀਆਂ ਭਰ ਦੀਆਂ ਸਰਵੋਤਮ ਸਭਿਆਤਾਵਾਂ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਥਾਂ ਅੱਜ ਅਮਰੀਕਾ ਅਤੇ ਪੱਛਮੀ ਯੂਰਪ ਨੇ ਲੈ ਲਈ ਹੈ। ਅੱਗੇ ਨੂੰ ਵੀ ਅੱਜ ਦੇ ਵਿਕਸਿਤ ਸਮਾਜ ਇਸੇ ਚੋਟੀ ਤੇ ਬਿਰਾਜਮਾਨ ਰਹਿਣਗੇ ਇਹ ਕੋਈ ਜ਼ਰੂਰੀ ਨਹੀਂ। ਬਲਕਿ ਜ਼ਰੂਰੀ ਇਹ ਹੈ ਕਿ ਜੋ ਅੱਜ ਉਪਰ ਹੈ ਉਹ ਕੱਲ ਨੂੰ ਥੱਲੇ ਹੋਵੇਗਾ ਅਤੇ ਜੋ ਅੱਜ ਨੀਚੇ ਹੈ ਉਹ ਕੱਲ ਨੂੰ ਉਚਾ ਵੀ ਹੋ ਸਕਦਾ ਹੈ। ਇਸ ਕਰਕੇ ਸਮਾਜ ਅਤੇ ਸਭਿਆਤਾਵਾਂ ਇਸੇ ਸਾਈਕਲ ਜਾਂ ਗੇੜ ਵਿਚ ਚਲਦੇ ਰਹਿੰਦੇ ਹਨ। ਇਨ੍ਹਾਂ ਸਿਧਾਂਤਾਂ ਨੂੰ ਵੱਖੋ-ਵੱਖ ਵਿਗਿਆਨੀਆਂ ਨੇ ਆਪਣੇ ਢੰਗ ਨਾਲ ਬਿਆਨ ਕੀਤਾ ਹੈ।

**ਆਪਣਾ ਗਿਆਨ ਪਰਖੋ**

(ੳ) ਸਮਾਜਿਕ ਪਰਿਵਰਤਨ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

(ਅ) ਸਮਾਜਿਕ ਪਰਿਵਰਤਨ ਦੇ ਕਿਹੜੇ ਦੋ ਸਿਧਾਂਤ ਹਨ ?

(ੲ) ਸਮਾਜਿਕ ਪਰਿਵਰਤਨ ਦੇ ਕੋਈ ਚਾਰ ਨਿਯਮ ਦੱਸੋ।

______________________________

______________________________

______________________________

______________________________

## 1.5 ਵੱਖੋ-ਵੱਖ ਵਿਗਿਆਨੀਆਂ ਦੇ ਵਿਚਾਰ

1.5.1 **ਅਗਸਤ ਕੌਂਤ** : ਜਿਵੇਂ ਪਹਿਲਾਂ ਵੀ ਬਿਆਨ ਕੀਤਾ ਜਾ ਚੁੱਕਾ ਹੈ ਕਿ **ਅਗਸਤ ਕੌਂਤ** ਸਮਾਜਿਕ ਪਰਿਵਰਤਨ ਨੂੰ ਬੌਧਿਕ ਵਿਕਾਸ ਦਾ ਨਤੀਜਾ ਸਮਝਦਾ ਹੈ। ਉਸ ਅਨੁਸਾਰ ਇਸ ਬੌਧਿਕ ਵਿਕਾਸ ਦੇ ਤਿੰਨ ਪੜਾਅ ਹਨ : ਪਰਮਾਰਥਿਕ (theological) , ਅਧਿਆਤਮਕ (metaphysical) ਅਤੇ ਵਿਗਿਆਨਕ (scientific) ਉਸ ਦਾ ਮੰਨਣਾ ਹੈ ਕਿ ਬੌਧਿਕ ਵਿਕਾਸ ਦੇ ਨਾਲ ਨਾਲ ਨੈਤਿਕ ਵਿਕਾਸ ਵੀ ਹੁੰਦਾ ਹੈ ਖਾਸ ਕਰਕੇ ਜਦੋਂ ਹਉਮੈਵਾਦ ਜਾਂ ਹੰਕਾਰ ਉਪਰ ਪਰਉਪਕਾਰ ਦਾ ਵਾਧਾ ਹੁੰਦਾ ਹੈ ਅਤੇ ਜਦੋਂ ਸਮਾਜਿਕ ਸੰਸਥਾਵਾਂ ਵਿਚ ਬਦਲਾਓ ਆਉਂਦਾ ਹੈ। ਕੌਂਤ ਨੇ ਵੇਖਿਆ ਕਿ ਸਿਖਿਆ ਇਕ ਜ਼ਰੂਰੀ ਤੱਥ ਹੈ ਜਿਸ ਨਾਲ ਇਕ ਖਾਸ ਸਮਾਜਿਕ ਤਬਕੇ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋ ਜਾਂਦੇ ਹਨ ਜਦੋਂ ਕਿ ਦੂਸਰੇ ਤਬਕੇ ਇਨ੍ਹਾਂ ਵਿਸ਼ੇਸ਼ ਅਧਿਕਾਰਾਂ ਤੋਂ ਸੱਖਣੇ ਰਹਿ ਜਾਂਦੇ ਹਨ। ਉਨ੍ਹਾਂ ਦਾ ਸ਼ੋਸ਼ਨ ਹੁੰਦਾ ਹੈ। ਅਗਸਤ ਕੌਂਤ ਦਾ ਵਿਚਾਰ ਹੈ ਕਿ ਜੇਕਰ ਸਮਾਜ ਵਿਚ ਗਿਆਨ ਨਿਰਪੱਖ ਰੂਪ ਵਿਚ ਪਹੁੰਚਾਇਆ ਜਾਵੇ ਤਾਂ ਲੋਕਾਂ ਵਿਚ ਸੰਚਾਲਨ ਸ਼ਕਤੀ ਆ ਸਕਦੀ ਹੈ। ਉਸਨੇ ਸਮਾਜਿਕ ਸਹਿਜ ਵਿਕਾਸ ਅਤੇ ਪ੍ਰਗਤੀ ਦੇ ਨਿਯਮ ਲੱਭੇ।

ਪਰ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਕੌਂਤ ਦੇ ਵਿਚਾਰ ਵਾਸਤਵਿਕ ਨਹੀਂ ਹਨ ਕਿਉਂਕਿ ਸਮਾਜਾਂ ਉਪਰ ਤਰਕ ਦੀ ਬਜਾਏ ਵਿਰਸੇ ਅਤੇ ਰੀਤੀ ਰਿਵਾਜਾਂ ਦੇ ਨਿਯੰਤਰਨ ਦਾ ਹੋਣਾ ਜ਼ਿਆਦਾ ਮੁਨਾਸਿਬ ਹੈ। ਇਹ ਤੱਥ ਜ਼ਿਆਦਾ ਮਹੱਤਵਪੂਰਨ ਹੈ ਕਿ ਲੋਕ ਬੌਧਿਕ ਅਗਵਾਈ ਦੀ ਥਾਂ ਭਾਵਨਾਤਮਕ ਅਗਵਾਈ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਦੁਨੀਆਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪਿਛਲੇ ਅਰਸੇ ਵਿਚ ਸਰਵ-ਸੱਤਾਵਾਦ (totalitarianism) ਦਾ ਬੋਲਬਾਲਾ ਰਿਹਾ ਹੈ।

1.5.2 **ਹਰਬਰਟ ਸਪੈਂਸਰ** ਨੇ ਵੀ ਅਗਸਤ ਕੌਂਤ ਦੀ ਤਰ੍ਹਾਂ ਸਮਾਜਿਕ ਸਹਿਜ ਵਿਕਾਸ ਦੀ ਥਿਊਰੀ ਦਿੱਤੀ ਹੈ। ਉਹ ਚਾਰਲਸ ਡਾਰਵਿਨ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਸਪੈਂਸਰ ਦਾ ਮੰਨਣਾ ਹੈ ਕਿ ਹਰ ਸਮਾਜ ਵਿਚ ਵਿਆਪਕ ਪ੍ਰਗਤੀ ਹੋ ਰਹੀ ਹੈ। ਇਹ ਅਭਿੰਨ ਸਮਰੂਪਤਾ (undifferentiated homogeneity) ਤੋਂ ਭਿੰਨਰੂਪਤਾ (differentiated heterogeneity) ਵਲ ਵਧ ਰਿਹਾ ਹੈ। ਬੇਸ਼ਕ ਲੋਕ ਇਹ ਚਾਹੁੰਦੇ ਹੋਣ ਜਾਂ ਨਾ ਪਰ ਇਹ ਪਰਿਵਰਤਨ ਲਾਜ਼ਮੀ ਹੈ। ਸਮਾਜ ਵਿਚ ਕਾਰਜਾਂ ਦੀ ਵੱਧ ਰਹੀ ਭਿੰਨਤਾ ਅਤੇ ਸਮਾਜਾਂ ਦਾ ਵੱਧ ਰਿਹਾ ਆਕਾਰ ਇਸ ਸਮਾਜਿਕ ਸਹਿਜ ਵਿਕਾਸ ਦੇ ਮਹੱਤਵਪੂਰਨ ਕਾਰਕ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕੌਂਤ ਦੀ ਤਰ੍ਹਾਂ ਸਪੈਂਸਰ ਵੀ ਸਰਵ-ਵਿਆਪਕ ਅਤੇ ਲਾਜ਼ਮੀ ਸਮਾਜਿਕ ਵਿਕਾਸ ਵਿਚ ਯਕੀਨ ਰੱਖਦਾ ਹੈ।

1.5.3 **ਕਾਰਲ ਮਾਰਕਸ** ਨੇ ਸਮਾਜਿਕ ਜੀਵਨ ਦੇ ਦੋ ਮਹੱਤਵਪੂਰਨ ਤੱਤਾਂ ਤੇ ਜ਼ੋਰ ਦਿੱਤਾ। ਉਹ ਹਨ ਤਕਨੀਕੀ ਵਿਕਾਸ, ਜਿਸ ਨਾਲ ਪੈਦਾਵਾਰੀ ਚੀਜ਼ਾਂ ਤੇ ਉਨ੍ਹਾਂ ਦੇ ਕੰਮ ਕਾਜ ਵਿਚ ਹੋ ਰਹੇ ਪਰਿਵਰਤਨ ਆਉਂਦੇ ਹਨ ਅਤੇ ਦੂਸਰਾ ਹੈ ਸਮਾਜਿਕ ਤਬਕਿਆਂ ਦੇ ਆਪਸੀ ਸੰਬੰਧ। ਮਾਰਕਸ ਦਾ ਮੰਨਣਾ ਹੈ ਕਿ ਖਾਸ ਪੜਾਅ ਵਿਚ ਪੈਦਾਵਾਰੀ ਤਾਕਤਾਂ (productive force) ਦੇ ਵਿਕਾਸ ਅਤੇ ਸ਼੍ਰੇਣੀ ਸੰਬੰਧਾਂ ਵਿਚ ਸਥਿਰਤਾ ਬਰਕਰਾਰ ਰੱਖਣ ਲਈ ਉਸ ਸਮੇਂ ਦੀ ਪ੍ਰਮੁੱਖ ਸ਼੍ਰੇਣੀ ਜ਼ਿੰਮੇਵਾਰ ਹੁੰਦੀ ਹੈ ਪਰ ਪੈਦਾਵਾਰੀ ਤਾਕਤਾਂ ਦੇ ਤੇਜ਼ੀ ਨਾਲ ਵਿਕਾਸ ਹੋਣ ਕਰਕੇ ਤਬਕਿਆਂ ਦੇ ਆਪਸੀ ਸੰਬੰਧਾਂ ਵਿਚ ਵੀ ਪਰਿਵਰਤਨ ਆਉਂਦਾ ਹੈ ਜੋ ਕਿ ਲਾਜ਼ਮੀ ਹੈ। ਇਸ ਨਾਲ ਸਮਾਜਿਕ ਦਵੰਦ (Conflict) ਪੈਦਾ ਹੁੰਦਾ ਹੈ ਜਿਹੜਾ ਕਿ ਨਵੀਂ ਸਮਾਜਿਕ ਸਥਿਤੀ ਦੇ ਉਤਪੰਨ ਹੋਣ ਲਈ ਜ਼ਿੰਮੇਵਾਰ ਹੁੰਦਾ ਹੈ। ਮਾਰਕਸ ਦਾ ਸਮਾਜਿਕ ਵਿਕਾਸ ਦਾ ਵਿਸ਼ਲੇਸ਼ਣ ਵੀ ਸਰਵਵਿਆਪਕ ਹੈ। ਉਸ ਅਨੁਸਾਰ ਹਰ ਸਮਾਜ ਤਿੰਨ ਪੜਾਵਾਂ ਚੋਂ ਲੰਘ ਕੇ ਵਰਗ-ਰਹਿਤ ਸਮਾਜਵਾਦ ਦੀ ਸਥਿਤੀ ਤੱਕ ਪਹੁੰਚਦਾ ਹੈ। ਇਸ ਤਰ੍ਹਾਂ ਇਸਦਾ ਵਿਕਾਸ ਹੁੰਦਾ ਹੈ ਤੇ ਸਮਾਜਿਕ ਪਰਿਵਰਤਨ ਹੁੰਦਾ ਰਹਿੰਦਾ ਹੈ।

1.5.4 **ਹੋਬਹਾਊਸ, ਅਗਸਤ ਕੌਂਤ** ਅਤੇ **ਹਰਬਰਟ ਸਪੈਂਸਰ** ਦੋਵਾਂ ਦੇ ਵਿਚਾਰਾਂ ਤੋਂ ਹੀ ਪ੍ਰਭਾਵਿਤ ਹੋਇਆ। ਉਸਨੇ ਅਗਸਤ ਕੌਂਤ ਦੇ ਮਨੁੱਖੀ ਬੌਧਿਕ ਵਿਕਾਸ ਦੇ ਵਿਚਾਰ ਅਤੇ ਸਪੈਂਸਰ ਦੇ ਸਮਾਜਿਕ ਸਹਿਜ ਵਿਕਾਸ ਜਿਸ ਵਿਚ ਨਿਪੁੰਨਤਾ ਦਾ ਵਾਧਾ, ਗੁੰਝਲਦਾਰੀ ਜਾਂ ਜਟਿਲਤਾ ਅਤੇ ਅੰਦਰੂਨੀ ਭਿੰਨਤਾ ਦਾ ਵਾਧਾ ਹੈ, ਨੂੰ ਅਪਨਾਇਆ ਅਤੇ ਬੌਧਿਕ ਮਨੁੱਖੀ ਇਤਿਹਾਸ ਦਾ ਸਿਧਾਂਤ ਦਿੱਤਾ। ਹੋਬਹਾਊਸ ਨੇ ਸਮੁੱਚੇ ਸਮਾਜਿਕ ਵਿਕਾਸ ਦੀ ਥਾਂ ਸਮਾਜਿਕ ਕ੍ਰਿਆਵਾਂ ਦੇ ਇਕ ਖਾਸ ਪਹਿਲੂ ਦੇ ਵਿਕਾਸ ਤੇ

ਜ਼ੋਰ ਦਿੱਤਾ। ਉਸਦਾ ਮੰਨਣਾ ਹੈ ਕਿ ਮਾਨਸਿਕ ਵਿਕਾਸ ਅਤੇ ਨੈਤਿਕ ਵਿਚਾਰਾਂ ਦਾ ਵਿਕਾਸ ਵੀ ਸਮਿਲਿਤ ਹੁੰਦਾ ਹੈ ਜਿਹੜਾ ਕਿ ਤਰਕਸ਼ੀਲ ਸਦਾਚਾਰ ਜਾਂ ਨੈਤਿਕਤਾ ਦੀ ਅਗਵਾਈ ਕਰਦਾ ਹੈ। ਇਸ ਨਾਲ ਪ੍ਰਮੁੱਖ ਸਮਾਜਿਕ ਸੰਸਥਾਵਾਂ ਵਿਚ ਬਦਲਾਓ ਆਉਂਦਾ ਹੈ ਅਤੇ ਸਮਾਜਿਕ ਪ੍ਰਗਤੀ ਹੁੰਦੀ ਹੈ।

ਵੱਖੋ ਵੱਖ ਵਿਗਿਆਨੀਆਂ ਦੇ ਉਪਰ ਦਿੱਤੇ ਸਿਧਾਂਤਾਂ ਨੂੰ ਅਸੀਂ ਸਿੱਧੀ ਰੇਖਾ ਦੇ ਸਿਧਾਂਤ (Linear theory) ਦਾ ਨਾਂ ਦਿੰਦੇ ਹਾਂ ਕਿਉਂਕਿ ਇਹ ਸਾਰੇ ਵਿਗਿਆਨੀ ਮੰਨਦੇ ਹਨ, ਕਿ ਮਨੁੱਖੀ ਸਮਾਜਿਕ ਇਤਿਹਾਸ ਵਿਚ ਮਹੱਤਵਪੂਰਨ ਸਮੂਹਿਕ ਬਦਲਾਓ ਹੋ ਰਿਹਾ ਹੈ। ਇਹ ਸਾਰੇ ਬੌਧਿਕ ਵਿਕਾਸ ਦੀ ਮਹੱਤਤਾ, ਵੱਧ ਰਹੀ ਨਿਪੁੰਨਤਾ, ਗੁੰਝਲਦਾਰ ਸਮਾਜ ਦੀ ਮਹੱਤਤਾ ਨੂੰ ਪਹਿਚਾਣਦੇ ਹਨ ਅਤੇ ਸਮਾਜਿਕ ਤੇ ਰਾਜਨੀਤਿਕ ਬਰਾਬਰੀ ਵੱਲ ਅਜੋਕੇ ਰੁਝਾਨਾਂ ਨੂੰ ਮਾਣਤਾ ਦਿੰਦੇ ਹਨ। ਇਨ੍ਹਾਂ ਦਾ ਵਿਚਾਰ ਹੈ ਕਿ ਆਧੁਨਿਕ ਵਿਗਿਆਨ ਤਕਨੀਕ ਅਤੇ ਉਦਯੋਗ ਦੇ ਵਿਕਾਸ ਨਾਲ ਮਨੁੱਖੀ ਸਮਾਜਿਕ ਜੀਵਨ ਵਿਚ ਪਰਿਵਰਤਨ ਨਿਸ਼ਚਿਤ ਹੀ ਆਇਆ ਹੈ। ਸਮਾਜ ਵਿਚ ਲਗਾਤਾਰ ਸਹਿਜ ਵਿਕਾਸ ਤੇ ਪ੍ਰਗਤੀ ਹੋ ਰਹੀ ਹੈ।

ਪਰ ਦੂਸਰੇ ਪਾਸੇ ਕੁਝ ਵਿਗਿਆਨੀ ਇਸ ਕਾਇਨਾਤ ਅਤੇ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਚੱਕਰ ਜਾਂ ਗੇੜ (cyclical) ਦੱਸਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਜਿਵੇਂ ਰੁੱਤਾਂ ਬਦਲਦੀਆਂ ਹਨ ਅਤੇ ਮਨੁੱਖੀ ਜੀਵਨ ਦਾ ਗੇੜ ਚੱਲਦਾ ਹੈ, ਪਹਿਲਾਂ ਜਨਮ ਫਿਰ ਜੁਆਨੀ, ਬੁਢਾਪਾ ਤੇ ਮੌਤ। ਬਿਲਕੁਲ ਇਸੇ ਤਰ੍ਹਾਂ ਸਾਡੇ ਸਮਾਜ ਵਿਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਜਿਵੇਂ ਅਸੀਂ ਦੇਖ ਸਕਦੇ ਹਾਂ ਕਿ ਕਈ ਸ਼ਾਹੀ ਘਰਾਣਿਆਂ ਵਿਚ ਪਹਿਲਾਂ ਖੁਸ਼ਹਾਲੀ ਹੁੰਦੀ ਹੈ ਫਿਰ ਅਚਾਨਕ ਉਹਨਾਂ ਦੇ ਬੁਰੇ ਦਿਨ ਆ ਜਾਂਦੇ ਹਨ ਤੇ ਵਕਤ ਨਾਲ ਫਿਰ ਇਹ ਸੰਕਟ ਟਲ ਕੇ ਖੁਸ਼ਹਾਲੀ ਆ ਜਾਂਦੀ ਹੈ। ਇਸ ਤਰ੍ਹਾਂ ਸਮੇਂ ਦਾ ਗੇੜ ਚਲਦਾ ਰਹਿੰਦਾ ਹੈ। ਜਿਸ ਨਾਲ ਉਨ੍ਹਾਂ ਦੇ ਜੀਵਨ ਵਿਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ।

1.5.5 **ਓਸਵਰਡ ਸਪੈਂਗਲਰ** ਦਾ ਮੰਨਣਾ ਹੈ ਕਿ ਸਾਡੇ ਸਮਾਜ ਦਾ ਸਭ ਤੋਂ ਉਨਤ ਫੇਜ਼ (Phase) ਜਿਸ ਨੂੰ ਉਸਨੇ ਸੰਸਕ੍ਰਿਤੀ (Culture) ਦਾ ਨਾਂ ਦਿੱਤਾ ਅਤੇ ਗਿਰਾਵਟ ਵਾਲਾ ਫੇਜ਼ ਸਾਡੀ ਸਭਿਅਤਾ (civilization ਹੈ ਕਿਉਂਕਿ ਇਸ ਫੇਜ਼ ਵਿਚ ਅਸੀਂ ਉੱਨਤੀ ਦੀ ਸਿਖਰ ਤੇ ਪਹੁੰਚ ਜਾਂਦੇ ਹਾਂ ਜਿਸ ਦੇ ਅੱਗੇ ਗਿਰਾਵਟ ਤੋਂ ਬਿਨਾਂ ਹੋਰ ਕੋਈ ਭਵਿੱਖ ਨਹੀਂ। ਲੜਾਈ ਜਾਂ ਯੁੱਧ ਦੀਆਂ ਘਟਨਾਵਾਂ, ਵੱਧ ਰਹੀਂ ਆਬਾਦੀ ਤੇ ਵੱਡੇ ਵੱਡੇ ਸ਼ਹਿਰਾਂ ਦਾ ਆਬਾਦ ਹੋਣਾ, ਇਹ ਸਭ ਗਿਰਾਵਟ ਦੀ ਪੂਰਬ ਸੂਚਨਾ ਦਾ ਪ੍ਰਤੀਕ ਹਨ। ਇਸੇ ਤਰ੍ਹਾਂ ਸਾਡਾ ਇਤਿਹਾਸ ਵੀ ਗਵਾਹ ਹੈ ਕਿ ਸੱਭਿਆਤਾਵਾਂ ਪ੍ਰਫੁਲਤ ਹੁੰਦੀਆਂ ਹਨ ਤੇ ਉਨ੍ਹਾਂ ਦਾ ਵਿਨਾਸ਼ ਹੁੰਦਾ ਰਿਹਾ ਹੈ। ਅਰਨੋਲਡ ਟੋਇਨਬੀ ਨੇ ਸਮਾਜਿਕ ਪਰਿਵਰਤਨ ਦੇ ਆਉਣ ਦੇ ਦੋ ਮੁੱਖ ਕਾਰਨ ਲੱਭੇ ਹਨ। ਉਹ ਹਨ -ਚੁਨੌਤੀ (challenge) ਅਤੇ ਪ੍ਰਤਿਕ੍ਰਿਆ ਜਾਂ ਹੁੰਗਾਰਾ। ਉਸਦਾ ਮੰਨਣਾ ਹੈ ਕਿ ਸਮਾਜ ਉਦੋਂ ਹੀ ਉੱਨਤੀ ਕਰਦੇ ਹਨ ਜਦੋਂ ਉਹ ਕਿਸੇ ਚੁਣੌਤੀ ਦਾ ਸਾਹਮਣਾ ਕਰ ਰਹੇ ਹੁੰਦੇ ਹਨ। ਫਿਰ ਉਹ ਉਸ ਚੁਣੌਤੀ ਦਾ ਜੁਆਬ ਪਰਿਵਰਤਨ ਜਾਂ ਸੁਧਾਰਾਂ ਰਾਹੀਂ ਦਿੰਦੇ ਹਾਂ, ਫਿਰ ਹੋਰ ਤਰੱਕੀ ਕਰਦੇ ਹਨ। ਇਸੇ ਤਰ੍ਹਾਂ ਇਹ ਗੇੜ ਚਲਦਾ ਰਹਿੰਦਾ ਹੈ। ਸਭ ਤੋਂ ਪਹਿਲੀ ਚੁਣੌਤੀ ਸਾਨੂੰ ਵਾਤਾਵਰਨ ਤੋਂ ਮਿਲਦੀ ਹੈ ਫਿਰ ਸਮਾਜ ਤੋਂ ਅਤੇ ਫਿਰ ਭੂਗੋਲਿਕ ਸਥਿਤੀਆਂ ਤੋਂ ਅਸੀਂ ਇਨ੍ਹਾਂ ਚੁਣੌਤੀਆਂ ਨੂੰ ਸਵੀਕਾਰਦੇ ਹੋਏ ਅੱਗੇ ਵੱਧਦੇ ਰਹਿੰਦੇ ਹਾਂ ਅਤੇ ਅਖੀਰ ਇਸਦਾ ਖਾਤਮਾ ਹੋ ਜਾਂਦਾ ਹੈ ਅਤੇ ਨਵਾਂ ਚੱਕਰ ਸ਼ੁਰੂ ਹੁੰਦਾ ਹੈ। **ਟੋਇਨਬੀ** ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਹਰ ਨਵੀਂ ਸਭਿਅਤਾ ਦਾ ਰੁੱਤਬਾ ਪੁਰਾਣੀ ਸਭਿਅਤਾ ਦੇ ਮੁਕਾਬਲੇ ਉੱਚਾ ਹੁੰਦਾ ਹੈ।

1.5.6 **ਸੋਰੋਕਿਨ** ਸਮਾਜਿਕ ਪਰਿਵਰਤਨ ਦੇ ਇਤਿਹਾਸਕ ਮਾਹਿਰਾਂ ਨੂੰ ਲਗਾਤਾਰ ਪਰ ਕ੍ਰਮਹੀਣ ਮੰਨਦਾ ਹੈ, ਜਿਹੜਾ ਕਿ ਦੋ ਖਾਸ ਕਿਸਮ ਦੀਆਂ ਸੰਸਕ੍ਰਿਤੀਆਂ ਜਿਸ ਨੂੰ ਉਸ ਨੇ sensate ਅਤੇ ideational ਦੇ ਨਾਂ ਦਿੱਤਾ, ਦੋ ਵਿਚ ਉਪਰ ਥੱਲੇ ਹੁੰਦਾ ਰਹਿੰਦਾ ਹੈ। ਸੰਸਕ੍ਰਿਤੀ ਉਹ ਹੈ ਜਿਸ ਵਿਚ ਕਲਾ (art) ਸਾਹਿਤ (literature) ਧਰਮ (religion) ਅਤੇ ਸਦਾਚਾਰ ਨੇਮਾਂ ਦੇ ਸਮੂਹ ਸਾਡੀ ਚੇਤਨਤਾ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਮਨੁੱਖੀ ਸਰੀਰਕ ਅਤੇ ਦੂਜੀਆਂ ਖੁਹਾਇਸ਼ਾਂ ਦੀ ਪੂਰਤੀ ਕਰਦੇ ਹਨ। ਦੂਸਰੇ ਪਾਸੇ ideational ਸੰਸਕ੍ਰਿਤੀ sensate ਸੰਸਕ੍ਰਿਤੀ ਦੇ ਮੁਕਾਬਲੇ sensational (at the level of feelings) ਨਹੀਂ ਹੁੰਦਾ ਅਤੇ ਨਾ ਹੀ ਪੂਰੀ ਤਰ੍ਹਾਂ ideational (at the level of ideas) ਹੁੰਦਾ ਹੈ ਕਿਉਂਕਿ ਜਿਸ ਸਮਾਜ ਵਿਚ sensate ਸੰਸਕ੍ਰਿਤੀ ਪ੍ਰਫੁਲਤ ਹੋ ਜਾਂਦੀ ਹੈ ਉਹ ideational ਸੰਸਕ੍ਰਿਤੀ ਵਿਚ ਹੀ ਬਦਲ ਜਾਂਦੀ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਰੇ ਸਮਾਜਾਂ ਵਿਚ ਇਹ ਦੋਵੇਂ ਸੰਸਕ੍ਰਿਤੀਆਂ ਘੁਲੇ ਮਿਲੇ ਰੂਪ ਵਿਚ ਮਿਲਦੀਆਂ ਹਨ।

1.5.7 **ਵਿਲਫਰੈਡੋ** ਪੈਰਤੋ ਦੇ ਅਨੁਸਾਰ ਸਮਾਜਿਕ ਪਰਿਵਰਤਨ ਵਿਭਿੰਨ ਗਰੁੱਪਾਂ ਵਿਚ ਰਾਜਨੀਤਿਕ ਤਾਕਤ ਲਈ ਹੋ ਰਹੀ ਜਦੋਂ ਜਹਿਦ ਦੁਆਰਾ ਹੁੰਦਾ ਹੈ। ਉਸਨੇ ਸ੍ਰੇਸ਼ਟ ਵਰਗ (elites) ਦੇ ਸਾਈਕਲ ਭਾਵ ਗੇੜ ਸਿਧਾਂਤ ਬਾਰੇ ਆਪਣਾ ਵਿਚਾਰ ਦਿੰਦੇ ਹੋਏ ਲਿਖਿਆ ਹੈ ਕਿ ਸਮੇਂ ਵਿਚ ਅਦਲ ਬਦਲ ਹੁੰਦੀ ਰਹਿੰਦੀ ਹੈ ਕਿਉਂਕਿ ਕਿਸੇ ਵੀ ਸਮਾਜ ਵਿਚ ਨਵਾਂ ਜਿੱਤਿਆ ਹੋਇਆ ਵਰਗ ਜੋਸ਼ ਵਿਚ ਹੁੰਦਾ ਹੈ ਅਤੇ ਸਖਤੀ ਨਾਲ ਰਾਜ ਕਰਦਾ ਹੈ ਪਰ ਪਤਨਸ਼ੀਲ ਵਰਗ ਦਾ ਰਵੱਈਆ ਹਲੀਮੀ ਅਤੇ ਹਮਦਰਦੀ ਵਾਲਾ ਹੁੰਦਾ ਹੈ।

## 1.6 ਸਾਰ

ਉਪਰ ਦਿੱਤੀ ਵਿਆਖਿਆ ਤੋਂ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਸਮਾਜਿਕ ਪਰਿਵਰਤਨ ਹਰ ਸਮਾਜ ਵਿਚ ਆਉਂਦਾ ਹੈ ਇਸ ਦਾ ਹੋਣਾ ਲਾਜ਼ਮੀ ਹੈ ਚਾਹੇ ਇਸ ਦੀ ਗਤੀ ਭਾਵ ਰਫ਼ਤਾਰ ਅਤੇ ਸਮਾਂ ਵੱਖ ਵੱਖ ਸਮਾਜਾਂ ਵਿਚ ਵੱਖੋ ਵੱਖਰਾ ਹੋਵੇ ਇਸ ਦਾ ਸੁਭਾਅ ਸਾਈਕਲੀਕਲ ਜਾਂ ਲੀਨੀਅਰ ਸਿਧਾਂਤਾਂ ਰਾਹੀਂ ਪਰਖਿਆ ਜਾ ਸਕਦਾ ਹੈ। ਸਮਾਜਿਕ ਪਰਿਵਰਤਨ ਇਕਾਂਤ ਵਿਚ ਵਾਪਰਨ ਵਾਲੀ ਘਟਨਾ ਨਹੀਂ ਹੁੰਦੀ ਅਤੇ ਨਾ ਹੀ ਇਹ ਕਿਸੇ ਉਦੇਸ਼ ਤੋਂ ਬਿਨਾਂ ਹੁੰਦੀ ਹੈ। ਇਹ ਲਗਾਤਾਰ ਹੋ ਰਹੇ ਬਦਲਾਓ ਦੀ ਵਿਧੀ ਹੈ। ਜੇਕਰ ਸਮਾਜ ਦੇ ਕਿਸੇ ਇਕ ਪਹਿਲੂ ਵਿਚ ਤਬਦੀਲੀ ਆਉਂਦੀ ਹੈ। ਤਾਂ ਉਸਦਾ ਅਸਰ ਮਨੁੱਖ ਦੇ ਬਾਕੀ ਪਹਿਲੂਆਂ ਤੇ ਵੀ ਪੈਂਦਾ ਹੈ। ਇਸ ਪਰਿਵਰਤਨ ਲਈ ਕੋਈ ਇਕ ਕਾਰਕ ਜਾਂ ਕਾਰਨ ਜ਼ਿੰਮੇਵਾਰ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਕਾਰਨ ਮਿਲਕੇ ਇਹ ਬਦਲਾਓ ਜਾਂ ਪਰਿਵਰਤਨ ਲਿਆਉਂਦੇ ਹਨ। ਸਮਾਜਿਕ ਪਰਿਵਰਤਨ ਤੋਂ ਭਾਵ ਵਸਤੂਆਂ ਦੀ ਬਾਹਰੀ ਦਿਖ ਵਿੱਚ ਪਰਿਵਰਤਨ ਜਾਂ ਬਦਲਾਓ ਤੋਂ ਹੀ ਨਹੀਂ ਬਲਕਿ ਸਾਡੇ ਵਿਚਾਰ, ਬੋਲਚਾਲ, ਤੌਰ-ਤਰੀਕੇ, ਰਹਿਣ-ਸਹਿਣ ਅਰਥਾਤ ਸਾਡੇ ਜੀਉਣੇ ਦੇ ਢੰਗ ਜਾਂ ਹਰੇਕ ਪਹਿਲੂ ਵਿਚ ਬਦਲਾਅ ਹੁੰਦਾ ਹੈ।

## 1.7 ਮੁੱਖ ਸ਼ਬਦ

(ੳ) **ਸਮਾਜਿਕ ਪਰਿਵਰਤਨ** : ਸਮਾਜਿਕ ਸੰਸਥਾਵਾਂ ਵਿਚ ਹੋਣ ਵਾਲੀ ਤਬਦੀਲੀ।

(ਅ) **ਸਮਾਜਿਕ ਪਰਪੰਚ** : ਸਮਾਜਿਕ ਸੰਸਥਾਵਾਂ ਨਾਲ ਜੁੜੀਆਂ ਪ੍ਰਕ੍ਰਿਆਵਾਂ।

(ੲ) **ਸਮਾਜਿਕ ਸੰਗਠਨ** : ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਇਕੱਠੇ ਹੋਏ ਲੋਕਾਂ ਦਾ ਸਮੂਹ।

(ਸ) **ਸਮਾਜਿਕ ਨਮੂਨੇ** : ਸਮਾਜਿਕ ਪ੍ਰਕ੍ਰਿਆਵਾਂ ਦੀ ਇਕਸਾਰਤਾ।

(ਹ) **ਕਿਰਤ ਵੰਡ** : ਕੰਮ ਨੂੰ ਛੋਟੇ-ਛੋਟੇ ਹਿੱਸਿਆਂ 'ਚ ਵੰਡ।

(ਕ) **ਨਿਪੁੰਨਤਾ** : ਕਿਸੇ ਇਕ ਕੰਮ ਵਿਚ ਕੁਸ਼ਲ ਹੋਣਾ।

(ਖ) **ਸਰਵ ਸੱਤਾਵਾਦ** : ਜਦੋਂ ਰਾਜਨੈਤਿਕ ਢਾਂਚੇ ਵਿੱਚ ਸਿਰਫ਼ ਇਕ ਵਿਚਾਰਧਾਰਾ ਦਾ ਹੀ ਬੋਲਬਾਲਾ ਹੋਵੇ।

## 1.8 ਅਭਿਆਸ ਲਈ ਪ੍ਰਸ਼ਨ

(1) ਸਮਾਜਿਕ ਪਰਿਵਰਤਨ ਕਿਸਨੂੰ ਆਖਦੇ ਹਨ? ਵੱਖ-ਵੱਖ ਸਮਾਜ ਵਿਗਿਆਨੀਆਂ ਦੇ ਇਸ ਬਾਰੇ ਕੀ ਵਿਚਾਰ ਹਨ? ਬਿਆਨ ਕਰੋ।

(2) ਕੀ ਜੀਵਨ ਦੇ ਹਰ ਪਹਿਲੂ ਵਿਚ ਹੋਣ ਵਾਲੇ ਪਰਿਵਰਤਨ ਨੂੰ ਸਮਾਜਿਕ ਪਰਿਵਰਤਨ ਕਹਿੰਦੇ ਹਨ? ਜੇਕਰ ਨਹੀਂ ਤਾਂ ਫਿਰ ਇਸ ਬਾਰੇ ਆਪਣੇ ਵਿਚਾਰ ਪੇਸ਼ ਕਰੋ।

(3) ਗੇੜ ਦਾ ਸਿਧਾਂਤ (Cyclical theory) ਕੀ ਹੈ, ਵੱਖ-ਵੱਖ ਵਿਗਿਆਨੀਆਂ ਨੇ ਸਮਾਜਿਕ ਪਰਿਵਰਤਨ ਨੂੰ ਇਸ ਸਿਧਾਂਤ ਦੁਆਰਾ ਕਿਵੇਂ ਬਿਆਨ ਕੀਤਾ ਹੈ?

(4) ਸਮਾਜਿਕ ਪਰਿਵਰਤਨ ਨੂੰ ਬਿਆਨ ਕਰਦੇ ਹੋਏ ਇਸਦੇ ਸਿਧਾਂਤਾਂ ਦੀ ਸੰਖੇਪ ਵਿਚ ਚਰਚਾ ਕਰੋ।

(5) ਸਮਾਜਿਕ ਪਰਿਵਰਤਨ ਕਿਸਨੂੰ ਆਖਦੇ ਹਨ? ਇਸਦੀ ਪ੍ਰਕ੍ਰਿਤੀ ਕਿਹੋ ਜਿਹੀ ਹੈ।

(6) ਸਮਾਜਿਕ ਪਰਿਵਰਤਨ ਕੀ ਹੈ ਅਤੇ ਇਸਦੇ ਕੀ ਨਿਯਮ ਹਨ?

**ਸੰਖੇਪ ਸਵਾਲ**

(ੳ) ਸੋਰੋਕਿਨ ਨੇ ਕਿਹੜੀਆਂ ਦੋ ਸੰਸਕ੍ਰਿਤੀਆਂ ਦਾ ਜ਼ਿਕਰ ਕੀਤਾ ਹੈ? ਇਕ ਪਹਿਰੇ ਵਿਚ ਲਿਖੋ।

(ਅ) ਅਗਸਤ ਕੌਂਤ ਨੇ ਬੌਧਿਕ ਵਿਕਾਸ ਦੇ ਕਿੰਨੇ ਅਤੇ ਕਿਹੜੇ ਪੜ੍ਹਾਵਾਂ ਦੀ ਗੱਲ ਕੀਤੀ ਹੈ?

(ੲ) ਸਮਾਜਿਕ ਪਰਿਵਰਤਨ ਨੂੰ ਸਮਝਣ ਲਈ ਕਿਹੜੇ ਸਿਧਾਂਤਾਂ ਦਾ ਸਹਾਰਾ ਲਿਆ ਜਾ ਸਕਦਾ ਹੈ? ਸੰਖੇਪ ਵਿਚ ਲਿਖੋ।

(ਸ) ਸੋਰੋਕਿਨ ਅਨੁਸਾਰ ਕਿਹੜੀਆਂ ਸੰਸਕ੍ਰਿਤੀਆਂ ਸਮਾਜ ਵਿਚ ਘੁਲੇ ਮਿਲੇ ਰੂਪ ਵਿਚ ਮਿਲਦੀਆਂ ਹਨ?

## 1.9 ਮਾਡਲ ਉੱਤਰ

**ਸਮਾਜਿਕ ਪਰਿਵਰਤਨ** :

ਸਮਾਜਿਕ ਪਰਿਵਰਤਨ ਉਹ ਪ੍ਰਕ੍ਰਿਆ ਹੈ ਜਿਹੜੀ ਕਿਸੇ ਖਾਸ਼ ਸਮਾਜਿਕ ਪ੍ਰਣਾਲੀ ਦੀ ਬਣਤਰ ਅਤੇ ਉਸ ਦੇ ਕਾਰਜਾਂ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਸਮਝਣਯੋਗ ਬਣਾਉਂਦੀ ਹੈ। ਸਮਾਜ ਸਮਾਜਿਕ ਰਿਸ਼ਤਿਆਂ ਜਾਂ ਬੰਧਨਾਂ ਦੇ ਜਾਲ ਤੋਂ ਬਣਿਆ ਹੈ। ਇਹਨਾਂ ਸਮਾਜਿਕ ਰਿਸ਼ਤਿਆਂ ਵਿਚ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਨਮੂਨੇ ਅਤੇ ਸਮਾਜਿਕ ਅੰਤਰ ਕ੍ਰਿਆਵਾਂ ਸ਼ਾਮਿਲ ਹੁੰਦੀਆਂ ਹਨ। ਲੋਕ ਸਮੂਹਾਂ, ਸਮਾਜ

ਦੇ ਢਾਂਚੇ, ਪ੍ਰਾਕ੍ਰਿਤੀ ਅਤੇ ਵਿਸ਼ੇ ਵਸਤੂ ਵਿਚ, ਸੰਸਥਾਵਾਂ ਅਤੇ ਮਨੁੱਖੀ ਸੰਬੰਧਾਂ ਵਿਚ ਲਗਾਤਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਪਰਿਵਰਤਨ ਵਿਚ ਸਮਾਜ ਦੇ ਵੱਖੋ-ਵੱਖਰੇ ਅੰਗਾਂ ਦੇ ਆਪਸੀ ਸੰਬੰਧ ਅਤੇ ਆਪਸੀ ਕੰਮਕਾਜ ਸ਼ਾਮਿਲ ਹੁੰਦੇ ਹਨ। ਬਾਅਦ ਵਿੱਚ ਹੌਲੀ ਹੌਲੀ ਸਮਾਜ ਦੀ ਸੰਰਚਨਾ ਵਿਚ ਵੀ ਪਰਿਵਰਤਨ ਆ ਜਾਂਦਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਵਤੀਰੇ ਅਤੇ ਸਮਾਜਿਕ ਸੰਰਚਨਾ ਵਿਚ ਆਉਣ ਵਾਲੀ ਤਬਦੀਲੀ ਨੂੰ ਹੀ ਸਮਾਜਿਕ ਪਰਿਵਰਤਨ ਕਿਹਾ ਜਾਂਦਾ ਹੈ।

**ਸਿੱਧੀ ਰੇਖਾ ਦਾ ਸਿਧਾਂਤ (Linear Theory)**: ਵੱਖ ਵੱਖ ਸਮਾਜਕ ਵਿਗਿਆਨੀਆਂ ਦਾ ਮੱਤ ਹੈ ਕਿ ਸਮਾਜ ਵਿਚ ਆਉਣ ਵਾਲੀ ਤਬਦੀਲੀ ਬੌਧਿਕ ਵਿਕਾਸ ਦਾ ਨਤੀਜਾ ਹੈ। ਆਧੁਨਿਕ ਵਿਗਿਆਨ, ਤਕਨੀਕ, ਉਦਯੋਗ ਦੇ ਵਿਕਾਸ ਨਾਲ ਸਮਾਜ ਵਿਚ ਵੱਧ ਰਹੀ ਨਿਪੁੰਨਤਾ ਤੇ ਜਟਿਲਤਾ ਨਾਲ ਸਮਾਜਿਕ ਜੀਵਨ ਵਿਚ ਬਹੁਤ ਪਰਿਵਰਤਨ ਆਇਆ ਹੈ। ਬੌਧਿਕ ਵਿਕਾਸ ਦੇ ਨਾਲ ਨਾਲ ਨੈਤਿਕ ਵਿਕਾਸ ਹੋਣਾ ਵੀ ਲਾਜ਼ਮੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸਮਾਜ ਵਿਚ ਲਗਾਤਾਰ ਸਹਿਜ ਵਿਕਾਸ ਤਰੀਕੇ ਨਾਲ ਪ੍ਰਗਤੀ ਹੋ ਰਹੀ ਹੈ। ਇਸੇ ਲਈ ਇਸਨੂੰ ਸਿੱਧੀ ਰੇਖਾ ਦਾ ਸਿਧਾਂਤ ਕਿਹਾ ਜਾਂਦਾ ਹੈ ਕਿਉਂਕਿ ਇਹ ਲਗਾਤਾਰ ਹੌਲੀ ਹੌਲੀ ਵਿਕਾਸ ਦੇ ਰਾਹ ਤੇ ਤੁਰਿਆ ਹੋਇਆ ਹੈ। ਜਿਸ ਨਾਲ ਸਾਰੀ ਸਮਾਜਿਕ ਵਿਵਸਥਾ ਵਿਚ ਪਰਿਵਰਤਨ ਹੁੰਦਾ ਰਹਿੰਦਾ ਹੈ। ਅਗਸਤ ਕੌਂਤ, ਹਰਬਰਟ ਸਪੈਂਸਰ, ਕਾਰਲ ਮਾਰਕਸ, ਹੌਬਹਾਊਸ ਆਦਿ ਇਸੇ ਮੱਤ ਦੇ ਬਾਨੀ ਹਨ ਜਿਹਨਾਂ ਅਨੁਸਾਰ ਸਮਾਜ ਸਧਾਰਣ ਰੂਪ ਤੋਂ ਜਟਿਲਤਾ ਵੱਧ ਹੌਲੀ ਹੌਲੀ ਵਿਕਾਸ ਨਾਲ ਵਧਿਆ ਜਿਸ ਕਾਰਨ ਮਹੱਤਵਪੂਰਨ ਸਾਮੂਹਿਕ ਬਦਲਾਉ ਆ ਰਿਹਾ ਹੈ। ਅਗਸਤ ਕੌਂਤ ਦਾ ਮੰਨਣਾ ਹੈ ਕਿ ਬੌਧਿਕ ਵਿਕਾਸ ਦੇ ਤਿੰਨ ਪੜਾਅ ਹਨ ਆਰਥਿਕ, ਅਧਿਆਤਮਕ ਅਤੇ ਵਿਗਿਆਨਕ ਇਸੇ ਤਰ੍ਹਾਂ ਸਪੈਂਸਰ ਨੇ ਵੀ ਸਮਾਜ ਦੀ ਪ੍ਰਗਤੀ ਸਮਰੂਪਤਾ ਤੋਂ ਭਿੰਨਰੂਪਤਾਂ ਵੱਲ ਵੱਧ ਰਹੀ ਦੱਸੀ ਹੈ।

## 1.10 ਉਪਯੋਗੀ ਪੁਸਤਕਾਂ


| | | |
|---|---|---|
| P. Gisbert | : | Fundamental of Sociology |
| Harry M. Johnson | : | Sociology-A Systematic Introduction |
| Giddings | : | Sociology |
| B.Kuppuswamy | : | Social Change in India |
| Vidyabushan Sachdeva | : | Introduction to Sociology |
| M.N. Srinivas | : | Social Change in Modern India |
| Yogendra Singh | : | Modernization of Indian Tradition |
| http://en.wikipedia.org | : | Wikipedia, the gree encyclopedia. |

ਪਾਠ ਨੰ : 1.2 ਲੇਖਕਾ : ਡਾ.ਹਰਿੰਦਰ ਕੌਰ

# ਸਮਾਜਿਕ ਪਰਿਵਰਤਨ ਦੀਆਂ ਕਿਸਮਾਂ
# (Types of Social Change)

ਰੂਪ ਰੇਖਾ

2.0 ਉਦੇਸ਼
2.1 ਜਾਣ-ਪਛਾਣ
2.2 ਸਹਿਜ ਵਿਕਾਸ
2.3 ਇਨਕਲਾਬ ਜਾਂ ਕ੍ਰਾਂਤੀ
 2.3.1 ਰਾਜਨੀਤਿਕ ਇਨਕਲਾਬ
 2.3.2 ਸੰਸਕ੍ਰਿਤਿਕ ਇਨਕਲਾਬ
 2.3.3 ਸਮਾਜਿਕ ਇਨਕਲਾਬ
2.4 ਵਿਕਾਸ
2.5 ਪ੍ਰਗਤੀ ਜਾਂ ਤਰੱਕੀ
2.6 ਸਾਰ
2.7 ਮੁੱਖ ਸ਼ਬਦ
2.8 ਅਭਿਆਸ ਲਈ ਪ੍ਰਸ਼ਨ
2.9 ਮਾਡਲ ਉੱਤਰ
2.10 ਪੁਸਤਕ ਸੂਚੀ

## 2.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਕੀ ਨੂੰ ਹੇਠ ਲਿਖੀ ਜਾਣਕਾਰੀ ਪ੍ਰਾਪਤ ਹੋਵੇਗੀ :-

- ਸਮਾਜ ਵਿਚ ਲੜੀਵਾਰ ਬਦਲਾਓ ਭਾਵ ਸਹਿਜ ਵਿਕਾਸ।
- ਵਿਕਾਸ - ਜੋ ਸਮਾਜਿਕ ਪਰਿਵਰਤਨ ਦੀ ਇਕ ਕਿਸਮ ਹੈ।
- ਸਮਾਜ ਵਿਚ ਅਚਨਚੇਤ ਪਰਿਵਰਤਨ ਭਾਵ ਇਨਕਲਾਬ ਜਾਂ ਕ੍ਰਾਂਤੀ
- ਤਰੱਕੀ ਜਾਂ ਉੱਨਤੀ ਦਾ ਸੰਕਲਪ, ਇਸਦੇ ਜ਼ਰੂਰੀ ਤੱਤ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ।

## 2.1 ਜਾਣ-ਪਛਾਣ

ਜਿਵੇਂ ਪਹਿਲੇ ਪਾਠ ਵਿਚ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ ਕਿ ਸਮਾਜਿਕ ਪਰਿਵਰਤਨ ਕਿਸੇ ਵੀ ਸਮਾਜਿਕ ਘਟਨਾ ਵਿਚ ਕਿਸੇ ਸਮੇਂ ਦੌਰਾਨ ਨਿਰਖੇ ਅੰਤਰ ਜਾਂ ਬਦਲਾਓ ਦੀ ਵਿਧੀ ਹੈ। ਜਿਥੋਂ ਤੱਕ ਸਮਾਜਿਕ ਪਰਿਵਰਤਨ ਦੀ ਸੇਧ ਅਤੇ ਨਿਯਮਾਂ ਦਾ ਸੰਬੰਧ ਹੈ ਸ਼ਾਇਦ ਇਹ ਸ਼ਬਦ ਬਹੁਤ ਸਪਸ਼ਟ ਨਹੀਂ ਜਾਪਦਾ ਕਿਉਂਕਿ ਇਹ ਨਹੀਂ ਦਸਦਾ ਕਿ ਸਮਾਜਿਕ ਪਰਿਵਰਤਨ ਅਸਲ ਵਿਚ ਕਿਹੋ ਜਿਹਾ ਬਦਲਾਓ ਹੈ ਇਸੇ ਲਈ ਇਹ ਇਕ ਆਮ ਜਾਂ ਸਾਧਾਰਨ ਸ਼ਬਦ ਹੀ ਜਾਪਦਾ ਹੈ ਜਿਹੜਾ ਕਿ ਸਿਰਫ ਕਿਸੇ ਵੀ ਵਸਤੂ ਦੇ ਕੁਝ ਅਰਸੇ ਵਿਚ ਹੋਣ ਵਾਲੇ ਬਦਲਾਓ ਜਾਂ ਭਿੰਨਤਾ ਦੀ ਵਿਆਖਿਆ ਕਰਦਾ ਹੈ। ਸਾਡੀ ਸਮਾਜਿਕ ਪ੍ਰਣਾਲੀ ਵਿਚ ਦੋ ਕਿਸਮ ਦੀਆਂ ਪ੍ਰਕ੍ਰਿਆਵਾਂ ਪਾਈਆਂ ਜਾਂਦੀਆਂ ਹਨ ਇਕ ਉਹ ਪ੍ਰਕ੍ਰਿਆਵਾਂ ਹਨ ਜਿਹੜੀਆਂ ਇਸ ਨੂੰ ਬਦਲਣ ਵਿਚ ਲਗੀਆਂ ਰਹਿੰਦੀਆਂ ਹਨ। ਜਿਵੇਂ ਕਿ ਸਮਾਜੀਕਰਣ ਅਤੇ ਸਮਾਜਿਕ ਨਿਯੰਤਰਣ ਵਰਗੀਆਂ ਪ੍ਰਕ੍ਰਿਆਵਾਂ ਸਮਾਜਕ ਢਾਂਚੇ ਵਿਚ ਸਥਿਰਤਾ ਲਿਆਉਂਦੀਆਂ ਹਨ ਅਤੇ ਇਨਕਲਾਬ ਜਾਂ ਮਾਪਿਆਂ ਦਾ ਬੱਚਿਆਂ ਪ੍ਰਤੀ ਆਧੁਨਿਕ ਰਵੱਈਆਂ ਜਿਹੜਾ ਉਨ੍ਹਾਂ ਦੇ ਭਵਿੱਖ ਲਈ ਸਹਾਈ ਹੋਵੇ, ਵਰਗੀਆਂ ਪ੍ਰਕ੍ਰਿਆਵਾਂ ਸਮਾਜ ਵਿਚ ਬਦਲਾਓ ਦੀ ਸਥਿਤੀ ਪੈਦਾ ਕਰਦੀਆਂ ਹਨ। ਪਰੰਤੂ ਇਹ ਦੋਵਾਂ ਕਿਸਮਾਂ ਦੀਆਂ ਪ੍ਰਕ੍ਰਿਆਵਾਂ ਵਿਚ ਅਸੀਂ ਕੋਈ ਰੇਖਾ ਨਹੀਂ ਖਿੱਚ ਸਕਦੇ ਕਿਉਂਕਿ ਕਈ ਵਾਰ ਪਰਿਵਰਤਨ ਲਿਆਉਣ ਵਾਲੀਆਂ ਪ੍ਰਕ੍ਰਿਆਵਾਂ ਸਮਾਜਿਕ ਪ੍ਰਣਾਲੀ ਦੀ ਸਥਿਰਤਾ ਬਣਾਈ ਰੱਖਣ ਵਿਚ ਸਹਾਈ ਹੁੰਦੀਆਂ ਹਨ ਪਰ ਹਰੇਕ ਸਮਾਜਿਕ ਪ੍ਰਣਾਲੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੀ ਪੂਰਨਤਾ (integrity) ਅਤੇ ਆਪਣਾ ਅਸਤਿਤਵ (Survival) ਬਣਾਈ ਰਖੇ ਜਿਸ ਲਈ ਉਸਨੂੰ ਸਮੇਂ ਦੇ ਨਾਲ ਬਦਲਣਾ ਜ਼ਰੂਰੀ ਹੈ। ਜੇਕਰ ਉਹ ਲੰਬਾ ਅਰਸਾ

ਬਿਨਾਂ ਕਿਸੇ ਪਰਿਵਰਤਨ ਤੋਂ ਕੰਮ ਕਰਦਾ ਹੈ ਤਾਂ ਸਮਾਜਿਕ ਪ੍ਰਣਾਲੀ ਦੇ ਢਾਂਚੇ ਦੀ ਏਕਤਾ ਬਣੀ ਨਹੀਂ ਰਹਿ ਸਕਦੀ। ਇਸ ਲਈ ਹਰੇਕ ਸਮਾਜਿਕ ਪ੍ਰਣਾਲੀ ਵਿਚ ਹਰ ਸਮੇਂ ਥੋੜਾ ਬਹੁਤ ਬਦਲਾਓ ਆਉਂਦਾ ਰਹਿੰਦਾ ਹੈ। ਅਸੀਂ ਇਹ ਬਦਲਾਓ ਨੂੰ ਬਹੁਤ ਸਾਰੇ ਸ਼ਬਦਾਂ ਨਾਲ ਬਿਆਨ ਕਰਦੇ ਹਾਂ ਜਿਵੇਂ ਸਹਿਜ ਵਿਕਾਸ (evolution), ਇਨਕਲਾਬ (revolution), ਵਿਕਾਸ (development), ਤਰੱਕੀ ਜਾਂ ਪ੍ਰਗਤੀ (progress) ਵਾਧਾ (growth) ਆਦਿ। ਵੇਖਣ ਨੂੰ ਇਨ੍ਹਾਂ ਸ਼ਬਦ ਦਾ ਅਰਥ ਇਕੋ ਨਜ਼ਰ ਆਉਂਦਾ ਹੈ ਪਰ ਇਨ੍ਹਾਂ ਦੇ ਵਰਣਨ ਤੋਂ ਅਸੀਂ ਇਨਾਂ ਦੀ ਭਿੰਨਤਾ ਜਾਣਾਗੇ। ਸਮਾਜਿਕ ਪਰਿਵਰਤਨ ਨਾਲ ਸਾਡੀਆਂ ਕਦਰਾਂ ਕੀਮਤਾਂ, ਕਰਤੱਵ, ਵੱਖੋ-ਵੱਖ ਸੰਸਥਾਵਾਂ, ਵਿਅਕਤੀਤਵ ਯੋਗਤਾਵਾਂ ਅਤੇ ਵਿਵਹਾਰ ਵਿਚ ਬਦਲਾਓ ਆਉਂਦਾ ਹੈ। ਇਹ ਬਦਲਾਓ ਸਹਿਜੇ ਸਹਿਜੇ ਵੀ ਹੋ ਸਕਦਾ ਹੈ, ਇਕਦਮ ਕ੍ਰਾਂਤੀ ਦੇ ਰੂਪ ਵਿਚ ਵੀ ਜਾਂ ਫਿਰ ਅਸੀਂ ਕਹਿ ਸਕਦੇ ਹਾਂ ਕਿ ਇਨ੍ਹਾਂ ਸਭ ਚੀਜ਼ਾਂ ਦੀ ਸਮੇਂ ਦੇ ਨਾਲ ਪ੍ਰਗਤੀ ਹੋ ਰਹੀ ਹੈ। ਆਓ ਸਮਾਜਿਕ ਪਰਿਵਰਤਨ ਦੀਆਂ ਇਨ੍ਹਾਂ ਵੱਖੋ-ਵੱਖ ਕਿਸਮਾਂ ਬਾਰੇ ਜਾਣਕਾਰੀ ਹਾਸਿਲ ਕਰੀਏ।

## 2.2 ਸਹਿਜ ਵਿਕਾਸ (Evolution)

ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ evolvera ਤੋਂ ਉਪਜਿਆ ਹੈ, ਜਿਸ ਦਾ ਅਰਥ ਹੈ ਉਨੱਤੀ ਕਰਨਾ ਜਾਂ ਪ੍ਰਗਤੀ ਕਰਨਾ ਇਸਨੂੰ ਸੰਸਕ੍ਰਿਤ ਦੇ ਸ਼ਬਦ ਵਿਕਾਸ ਦੇ ਬਰਾਬਰ ਹੀ ਸਮਝਿਆ ਜਾਂਦਾ ਹੈ। ਸਮਾਜ ਦੇ ਸਹਿਜ ਵਿਕਾਸ ਤੋਂ ਭਾਵ ਲੜੀ ਵਾਰ ਬਦਲਾਓ। ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਸਮਾਜਿਕ ਕ੍ਰਿਆਵਾਂ ਅਤੇ ਅੰਤਰ ਕ੍ਰਿਆਵਾਂ ਵਿਚ ਹੌਲੀ ਹੌਲੀ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਕਰਕੇ ਸਾਡਾ ਸਾਧਾਰਨ ਸਮਾਜ ਹੌਲੀ ਹੌਲੀ ਗੁੰਝਲਦਾਰ ਜਾਂ ਜਟਿਲ ਸਥਿਤੀ ਵਿਚ ਪਹੁੰਚ ਗਿਆ ਹੈ।

ਸਵਾਲ ਇਹ ਉਠਦਾ ਹੈ ਕਿ ਇਹ ਬਦਲਾਓ ਕਿਉਂ ਜ਼ਰੂਰੀ ਹੈ? ਇਹ ਕਿਸ ਤਰ੍ਹਾਂ ਹੁੰਦਾ ਹੈ? ਅਤੇ ਇਸਦੀ ਕੀ ਦਿਸ਼ਾ ਹੁੰਦੀ ਹੈ? ਇਨ੍ਹਾਂ ਸਵਾਲਾਂ ਦੇ ਉੱਤਰ ਜਾਣਨ ਤੋਂ ਪਹਿਲਾਂ, ਇਹ ਗੱਲ ਧਿਆਨ 'ਚ ਰੱਖਣੀ ਜ਼ਰੂਰੀ ਹੈ ਕਿ ਸਮਾਜ ਵਿਚ ਸਹਿਜ ਵਿਕਾਸ ਦੀ ਕਿਰਿਆ ਕੁਦਰਤ ਦੇ ਨਿਜ਼ਾਮ ਤੇ ਮੁਤਾਬਿਕ ਹੀ ਸਮਝੀ ਜਾਂਦੀ ਹੈ। ਇਹ ਸਿਧਾਂਤ **ਚਾਰਲਸ ਡਾਰਵਿਨ** ਦੇ ਕੁਦਰਤੀ ਸਹਿਜ ਵਿਕਾਸ (natural evolution) ਸਿਧਾਂਤ ਤੋਂ ਪ੍ਰਭਾਵਿਤ ਹੋਣ ਦੇ ਕਾਰਣ ਹੋਂਦ ਵਿਚ ਆਏ ਹਨ। ਇਸ ਸਿਧਾਂਤ ਅਨੁਸਾਰ ਇਕ ਸੈੱਲ ਵਾਲਾ ਅਮੀਬਾ ਸਭ ਤੋਂ ਛੋਟਾ ਜੀਵ ਹੈ ਅਤੇ ਮਨੁੱਖ ਸਰਵੋਤਮ। ਸਮਾਜ ਵਿਗਿਆਨ ਵਿਚ ਇਹ ਸਿਧਾਂਤ ਹਰਬਰਟ ਸਪੈਂਸਰ ਦੇ ਨਾਲ ਜੁੜਿਆ ਹੋਇਆ ਹੈ ਜੋ ਡਾਰਵਿਨ ਦੇ ਦੇਸ਼ ਦਾ ਹੀ ਵਾਸੀ ਸੀ। ਕਹਿੰਦੇ ਹਨ ਕਿ ਸਪੈਂਸਰ ਨੇ ਆਪਣਾ ਸਿਧਾਂਤ ਡਾਰਇਵਨ ਨਾਲੋਂ ਪਹਿਲਾਂ ਦਿਤਾ ਸੀ ਪਰ ਫੇਰ ਵੀ ਇਸ ਸਿਧਾਂਤ ਨੂੰ ਡਾਰਵਿਨ ਦੇ ਨਾਂ ਨਾਲ ਜਾਣਿਆ ਹੀ ਜਾਂਦਾ ਹੈ।

**ਸਪੈਂਸਰ** ਅਨੁਸਾਰ ਸਮਾਜ ਇਕ ਸਾਧਾਰਨ ਇਕਾਈ ਸੀ ਜਿਸ ਨੇ ਸਮਾਂ ਪਾ ਕੇ ਹੌਲੀ-ਹੌਲੀ ਮੌਜੂਦਾ ਰੂਪ ਅਖ਼ਤਿਆਰ ਕਰ ਲਿਆ, ਜਿਹੜਾ ਕਿ ਕਾਫ਼ੀ ਗੁੰਝਲਦਾਰ ਜਾਂ ਜਟਿਲ (complex) ਹੈ। ਇਹ ਮੌਜੂਦਾ ਸਮਾਜ ਵਿਕਸਤ ਮੰਨਿਆ ਜਾਂਦਾ ਹੈ ਅਤੇ ਪੁਰਾਣਾ ਪਛੜਿਆ ਹੋਇਆ। ਇਕ ਗੁੰਝਲਦਾਰ ਸਮਾਜ ਉਹ ਹੁੰਦਾ ਹੈ ਜਿਸਦੇ ਵੱਖ-ਵੱਖ ਪਹਿਲੂ ਜਾਂ ਅੰਗ ਇਕ ਦੂਜੇ ਤੋਂ ਇਸ ਤਰ੍ਹਾਂ ਨਿਰਭਰ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਇਕ ਦੂਜੇ ਤੋਂ ਅੱਡ ਨਹੀਂ ਕੀਤਾ ਜਾ ਸਕਦਾ, ਜਦੋਂ ਕਿ ਸਾਧਾਰਨ ਸਮਾਜ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਉਦਾਹਰਣ ਦੇ ਤੌਰ ਤੇ ਅਮੀਬਾ ਇਕ ਸੈੱਲ ਵਾਲਾ ਜੀਵ ਹੈ ਪਰੰਤੂ ਮਨੁੱਖ ਦੇ ਇਕ ਅੰਗ ਵਿਚ ਲੱਖਾਂ ਸੈੱਲ ਹਨ। ਇਸੇ ਤਰ੍ਹਾਂ ਸਾਧਾਰਨ ਸਮਾਜ ਵਿਚ ਸਮਾਜਿਕ ਰੋਲ ਇਕ ਦੂਜੇ ਤੋਂ ਨਖੇੜੇ ਨਹੀਂ ਜਾ ਸਕਦੇ ਜਦ ਕਿ ਗੁੰਝਲਦਾਰ ਸਮਾਜ ਵਿਚ ਹਰ ਸੰਸਥਾ ਦਾ ਆਪਣਾ ਰੋਲ ਹੈ, ਜਿਸ ਨੂੰ ਹਰ ਕੋਈ ਨਹੀਂ ਨਿਭਾ ਸਕਦਾ। ਇਹੋ ਪਰਸਪਰ ਨਿਰਭਰਤਾ (Interdependence) ਸਮਾਜ ਨੂੰ ਜੋੜ ਕੇ ਇਕਾਈ ਦੇ ਰੂਪ ਵਿਚ ਰਖਦੀ ਹੈ।

ਪਰ ਇਸ ਕਿਸਮ ਦਾ ਬਦਲਾਓ ਜਾਂ ਪਰਿਵਰਤਨ ਹੇਠਾਂ ਤੋਂ ਉੱਪਰ ਵੱਲ, ਸਾਧਾਰਨ ਤੋਂ ਗੁੰਝਲਦਾਰ, ਸਮਰੂਪ (homogenous) ਤੋਂ ਅਸਮਰੂਪ ਜਾਂ ਵਿਜਾਤੀ, (heterogenous) ਮਨੁੱਖੀ ਸਮਾਜ ਵਿਚ ਕਿਉਂ ਆਉਂਦਾ ਹੈ। ਇਸਦੇ ਕਾਰਨ ਅੰਦਰੂਨੀ ਅਤੇ ਬਾਹਰੀ ਦੋਨੋਂ ਹਨ। ਬਾਹਰੀ ਹਾਲਤਾਂ ਦੇ ਬਦਲ ਜਾਣ ਕਰਕੇ ਅੰਦਰੂਨੀ ਬਦਲਾਓ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਸਮਾਜ ਅਤੇ ਇਸ ਦੀਆਂ ਸੰਸਥਾਵਾਂ ਤਾਂ ਹੀ ਚਲਦੀਆਂ ਰਹਿ ਸਕਦੀਆਂ ਹਨ। ਇਸ ਕਿਰਿਆ ਨੂੰ ਅਨੁਕੂਲਤਾ (adaption) ਕਹਿੰਦੇ ਹਨ। ਇਸ ਅਨੁਸਾਰ ਪੁਰਾਣੀਆਂ ਸਮਾਜਿਕ ਸੰਸਥਾਵਾਂ ਆਪਣੇ ਆਪ ਨੂੰ ਨਵੀਆਂ ਹਾਲਤਾਂ ਅਨੁਕੂਲ ਢਾਲ ਲੈਂਦੀਆਂ ਹਨ। ਇਸਦੇ ਨਾਲ ਨਾਲ ਸਮੀਕਰਨ (assimilation) ਦੀ ਕਿਰਿਆ ਵੀ ਗਤੀਸ਼ੀਲ ਹੁੰਦੀ ਹੈ, ਜਿਸ ਵਿਚ ਬਾਹਰ ਵਾਲੀਆਂ ਨਵੀਆਂ ਸੰਸਥਾਵਾਂ ਆਪਣੇ ਆਪ ਨੂੰ ਨਵੀਆਂ ਹਾਲਤਾਂ ਦੇ ਅਨੁਕੂਲ ਬਣਾਉਂਦੀਆਂ ਹਨ। ਜਿਸ ਸਦਕਾ ਇਹ ਬਾਹਰੀ ਤੱਤ ਅੰਦਰੂਨੀ ਸਿਸਟਮ ਦਾ ਸਹਿਜੇ ਹਿੱਸਾ ਬਣ ਜਾਂਦੇ ਹਨ ਅਤੇ ਸਹਿਜੇ ਜ਼ਜ਼ਬ ਹੋ ਜਾਂਦੇ ਹਨ। ਇਨ੍ਹਾਂ ਕ੍ਰਿਆਵਾਂ ਕਰਕੇ ਹੀ ਬਾਹਰੀ ਤਾਕਤਾਂ ਅੰਦਰੂਨੀ ਰੂਪ ਅਖਤਿਆਰ ਕਰ ਲੈਂਦੀਆਂ ਹਨ ਅਤੇ ਅੰਦਰ ਵਾਲੀਆਂ ਪੁਰਾਣੀਆਂ ਕਦਰਾਂ-ਕੀਮਤਾਂ ਤੇ ਰੀਤੀ-ਰਿਵਾਜ ਨਵੀਆਂ ਕਦਰਾਂ-ਕੀਮਤਾਂ ਨਾਲ ਟਕਰਾ ਕੇ ਨਵਾਂ ਰੂਪ ਧਾਰਨ ਕਰ ਲੈਂਦੀਆਂ ਹਨ ਜੋ ਬਦਲੇ ਹੋਏ ਹਾਲਾਤ ਦੇ ਅਨੁਕੂਲ ਹੁੰਦਾ ਹੈ। ਇਸੇ ਕਿਰਿਆ ਨੂੰ ਸਹਿਜ ਵਿਕਾਸ ਕਿਹਾ ਜਾਂਦਾ ਹੈ। ਕਿਉਂਕਿ ਇਹ ਲੰਮਾ ਸਮਾ ਪਾ ਕੇ ਹੀ ਹੋਂਦ ਵਿਚ ਆਉਂਦੀ ਹੈ।

## 2.3 ਇਨਕਲਾਬ ਜਾਂ ਕ੍ਰਾਂਤੀ (Revolution)

ਇਨਕਲਾਬ ਵੀ ਇਕ ਸਮੇਂ ਦਾ ਸਮਾਜਿਕ ਪਰਿਵਰਤਨ ਹੈ, ਜਿਸ ਵਿਚ ਅਚਾਨਕ ਬਦਲਾਓ ਆਉਂਦਾ ਹੈ ਜਾਂ ਇਹ ਕਹਿ ਲਈਏ ਕਿ ਕਿਸੇ ਵੀ ਚੀਜ਼ ਵਿਚ ਆਉਣ ਵਾਲੇ ਯਕਦਮ ਬਦਲਾਓ ਨੂੰ ਇਨਕਲਾਬ ਕਿਹਾ ਜਾਂਦਾ ਹੈ। ਇਸ ਨਾਲ ਸਮੁੱਚੀਆਂ ਸਮਾਜਿਕ ਸੰਸਥਾਵਾਂ ਵਿਚ ਪਰਿਵਰਤਨ ਆਉਂਦਾ ਹੈ। ਇਨਕਲਾਬ ਨੂੰ ਤਿੰਨ ਢੰਗਾਂ ਨਾਲ ਬਿਆਨ ਕੀਤਾ ਜਾ ਸਕਦਾ ਹੈ :

2.3.1 ਰਾਜਨੀਤਿਕ ਇਨਕਲਾਬ (political revolution)
2.3.2 ਸੰਸਕ੍ਰਿਤਿਕ ਇਨਕਲਾਬ (cultural revolution)
2.3.3 ਸਮਾਜਿਕ ਇਨਕਲਾਬ (social revolution)

### 2.3.1 ਰਾਜਨੀਤਿਕ ਇਨਕਲਾਬ :

ਜੇਕਰ ਇਤਿਹਾਸ ਦੇ ਪੰਨੇ ਪਲਟੀਏ ਤਾਂ ਬਹੁਤ ਸਾਰੇ ਦੇਸ਼ ਜਾਂ ਰਾਸ਼ਟਰ ਇਹੋ ਜਿਹੇ ਹਨ ਜਿਥੇਂ ਸਮੇਂ ਸਮੇਂ ਸਿਰ ਰਾਜਨੀਤਿਕ ਪਲਟੇ ਜਾਂ ਇਨਕਲਾਬ ਆਮ ਜਿਹੀ ਘਟਨਾ ਵਾਂਗ ਵਾਪਰਦੇ ਰਹੇ ਹਨ। ਜਦੋਂ ਕਿਸੇ ਦੇਸ਼ ਵਿਚ ਲੋਕਾਂ ਦਾ ਭਾਰੀ ਸਮੂਹ ਪ੍ਰਚਲਤ ਸਰਕਾਰ ਤੋਂ ਸੰਤੁਸ਼ਟ ਨਹੀਂ ਹੁੰਦਾ ਅਤੇ ਇਸੇ ਖਿਲਾਫ ਅਵਾਜ਼ ਉਠਾਉਂਦਾ ਹੈ। ਪੂਰੀ ਦੀ ਪੂਰੀ ਸਤਾਧਾਰੀ ਸਰਕਾਰ ਬਰਤਰਫ ਕਰ ਦਿੱਤੀ ਜਾਂਦੀ ਹੈ ਅਤੇ ਨਵੀਂ ਸਰਕਾਰ ਕੰਮ-ਕਾਜ ਸੰਭਾਲਦੀ ਹੈ। ਇਹ ਇਕਦਮ ਆਉਣ ਵਾਲੇ ਪਲਟੇ ਨੂੰ ਹੀ ਰਾਜਨੀਤਿਕ ਇਨਕਲਾਬ ਕਿਹਾ ਜਾਂਦਾ ਹੈ। ਇਸ ਇਨਕਲਾਬ ਨਾਲ ਸਾਰੀਆਂ ਰਾਜਨੀਤਿਕ ਸੰਸਥਾਵਾਂ ਵਿਚ ਪਰਿਵਰਤਨ ਆਉਂਦਾ ਹੈ ਅਤੇ ਇਸਦਾ ਅਸਰ ਬਾਕੀ ਸੰਸਥਾਵਾਂ ਤੇ ਵੀ ਪੈਂਦਾ ਹੈ।

### 2.3.2 ਸੰਸਕ੍ਰਿਤਿਕ ਇਨਕਲਾਬ :

ਜਦੋਂ ਸਾਡੀਆਂ ਕਦਰਾਂ, ਕੀਮਤਾਂ, ਰੀਤੀ ਰਿਵਾਜ਼, ਵਿਵਹਾਰਿਕ ਨਮੂਨਿਆਂ, ਸਾਡੇ ਰਹਿਣ-ਸਹਿਣ ਬੋਲਚਾਲ ਤੇ ਸੋਚਣ ਦੇ ਤਰੀਕਿਆਂ ਵਿਚ ਅਚਾਨਕ ਪਰਿਵਰਤਨ ਆਉਂਦਾ ਹੈ ਤਾਂ ਉਸਨੂੰ ਅਸੀਂ ਸੰਸਕ੍ਰਿਤਿਕ ਇਨਕਲਾਬ ਦਾ ਨਾਂ ਦਿੰਦੇ ਹਾਂ। ਇਸ ਪ੍ਰਕ੍ਰਿਆ ਵਿਚ ਸਾਡੀ ਸਮੁੱਚੀ ਵਿਚਾਰਧਾਰਾ, ਆਦਤਾਂ ਵਿਵਹਾਰ ਆਦਿ ਪੂਰੀ ਤਰ੍ਹਾਂ ਬਦਲ ਜਾਂਦੇ ਹਨ। ਸਮਾਜਿਕ ਇਨਕਲਾਬ ਉਹ ਪਰਿਵਰਤਨ ਹੈ ਜਿਸ ਵਿਚ ਸਮੁੱਚੀ ਸਮਾਜਿਕ ਸੰਰਚਨਾ ਵਿਚ ਤਬਦੀਲੀ ਆ ਜਾਂਦੀ ਹੈ, ਜਿਸ ਨਾਲ ਸਾਡੀਆਂ ਸਮਾਜਿਕ ਸੰਸਥਾਵਾਂ, ਵਰਗਾਂ, ਅਹੁਦਿਆਂ, ਕਾਰਜਾਂ ਅਤੇ ਭੂਮਿਕਾਵਾਂ ਵਿਚ ਅਚਾਨਕ ਤੇ ਇਕਦਮ ਪਰਿਵਰਤਨ ਆਉਂਦਾ ਹੈ।

### 2.3.3 ਸਮਾਜਿਕ ਇਨਕਲਾਬ :

ਭਾਵੇਂ ਸਮਾਜਿਕ ਇਨਕਲਾਬ ਬਹੁਤ ਹੀ ਵਿਸਥਾਰਪੂਰਬਕ ਵਿਧੀ ਹੈ ਅਤੇ ਇਸਦੀ ਸਾਡੀ ਜ਼ਿੰਦਗੀ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਹੈ, ਪਰ ਜ਼ਿਆਦਾ ਮਹੱਤਵ ਰਾਜਨੀਤਿਕ ਇਨਕਲਾਬ ਨੂੰ ਹੀ ਦਿੱਤਾ ਜਾਂਦਾ ਹੈ ਅਤੇ ਇਸਨੂੰ ਹੀ ਇਨਕਲਾਬ ਦੀ ਇਕ ਮਕਬੂਲ ਕਿਸਮ ਮੰਨਿਆ ਜਾਂਦਾ ਹੈ। **ਕਿੰਮਬਾਲ ਯੰਗ** (Kimbal Young) ਨੇ ਆਪਣੀ ਕਿਤਾਬ (A Handbook of Social Psychology) ਵਿਚ ਲਿਖਿਆ ਹੈ ਕਿ, ਆਪਣੇ ਉਦੇਸ਼ਾਂ ਲਈ ਅਸੀਂ ਇਨਕਲਾਬ ਨੂੰ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ ਕਿ ਕਿਸੇ ਵੀ ਰਾਸ਼ਟਰ ਜਾਂ ਸੂਬੇ ਵਿਚ ਸੱਤਾ ਅਤੇ ਅਧਿਕਾਰ ਦੀਆਂ ਨਵੀਆਂ ਕਿਸਮਾਂ ਵਿਚ ਇਕਦਮ ਬਦਲਾਉ ਹੈ।

ਜਿਵੇਂ ਕਿ ਅਸੀਂ ਉਪਰ ਬਿਆਨ ਕਰ ਚੁੱਕੇ ਹਾਂ ਕਿ ਇਨਕਲਾਬ ਦੇ ਕਈ ਪਹਿਲੂ ਹਨ, ਜਿਵੇਂ ਰਾਜਨੀਤੀਕ, ਆਰਥਿਕ, ਸਮਾਜਿਕ, ਸੰਸਕ੍ਰਿਤਿਕ ਤੇ ਮਨੋਵਿਗਿਆਨੀਕ। ਇਹ ਕਾਰਕ ਵੱਖੋਂ ਵੱਖ ਪ੍ਰਸਥਿਤੀਆਂ ਵਿਚ ਇਨਕਲਾਬ ਲਿਆਉਣ ਲਈ ਸਹਾਈ ਹੁੰਦੇ ਹਨ। ਮਨੋਵਿਗਿਆਨੀਆਂ ਦੀ ਰਾਏ ਹੈ ਕਿ ਇਨਕਲਾਬ ਸਾਡੀਆਂ ਦੱਬੀਆਂ ਖੁਹਾਇਸ਼ਾਂ ਤੇ ਅੰਤਰ ਪ੍ਰੇਰਨਾਵਾਂ ਦਾ ਸਿੱਟਾ ਹੈ, ਉਨ੍ਹਾਂ ਦਾ ਵਿਚਾਰ ਹੈ ਕਿ ਜੋ ਇੱਛਾਵਾਂ, ਰੁਝਾਨ ਜਾਂ ਖੁਹਾਇਸ਼ਾਂ ਨੂੰ ਮਨੁੱਖ ਦਬਾ ਲੈਂਦਾ ਹੈ ਜਾਂ ਬੰਦਸ਼ਾਂ ਕਰਕੇ ਜਾਹਰ ਨਹੀਂ ਕਰਦਾ, ਉਹ ਇਛਾਵਾਂ ਰੁਝਾਓ ਖਤਮ ਨਹੀਂ ਹੁੰਦੇ ਅਤੇ ਨਾ ਹੀ ਮਰਦੇ ਹਨ ਬਲਕਿ ਸਾਡੇ ਅਚੇਤ ਮਨ ਦੀਆਂ ਤਿਹਾਂ ਵਿਚ ਇਕੱਠੇ ਹੁੰਦੇ ਰਹਿੰਦੇ ਹਨ। ਉਘੇ ਮਾਨਵ ਵਿਗਿਆਨੀ ਫਰਾਇਡ ਦਾ ਕਹਿਣਾ ਹੈ ਕਿ ਸਾਡਾ ਅਚੇਤ ਮਨ ਇਨ੍ਹਾਂ ਹੀ ਦੱਬੀਆਂ ਜਾਂ ਨਾ ਪੂਰੀਆਂ ਹੋਈਆਂ ਖੁਹਾਇਸ਼ਾਂ ਤੇ ਇਛਾਵਾਂ ਦਾ ਬਣਿਆ ਹੋਇਆ ਹੁੰਦਾ ਹੈ। ਇਹ ਇਛਾਵਾਂ ਮਰਦੀਆਂ ਨਹੀਂ ਬਲਕਿ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਮੌਕਾ ਮਿਲਦੇ ਹੀ ਹਿੰਸਾਤਮਕ ਰੂਪ ਅਖਤਿਆਰ ਕਰਕੇ ਆਪਣਾ ਪ੍ਰਗਟਾਵਾ ਕਰਦੀਆਂ ਹਨ। ਜਦੋਂ ਕਿਸੇ ਵੀ ਰਾਸ਼ਟਰ ਜਾਂ ਦੇਸ਼ ਵਿਚ ਲੋਕਾਂ ਦੀਆਂ ਇੱਛਾਵਾਂ ਜਾਂ ਰੁਝਾਨ ਕੁਝ ਕਾਰਨਾਂ ਕਰਕੇ ਦੱਬ ਜਾਂਦੇ ਹਨ ਜਾਂ ਪੂਰੇ ਨਹੀਂ ਹੋ ਸਕਦੇ ਅਤੇ ਲੋਕ ਉਨ੍ਹਾਂ ਦਾ ਖੁਲ੍ਹ ਕੇ ਪ੍ਰਗਟਾਵਾ ਨਹੀਂ ਕਰ ਸਕਦੇ। ਤਾਂ ਕਿਸੇ ਹੋਰ ਰੂਪ ਵਿੱਚ ਇਨ੍ਹਾਂ ਦੀ ਪ੍ਰਤਿਕ੍ਰਿਆ ਹੁੰਦੀ ਹੈ, ਜਿਹੜੀ ਕਿ ਸਮੂਹਿਕ ਰੂਪ ਇਖਤਿਆਰ ਕਰਕੇ ਇਨਕਲਾਬ ਦਾ ਰੂਪ ਧਾਰ ਲੈਂਦੀ ਹੈ। ਇਸ ਸਮੇਂ ਲੋਕਾਂ ਦਾ ਵਿਵਹਾਰ ਬਹੁਤ ਹੀ ਉਤੇਜਿਤ, ਤਰਕਹੀਣ ਜਾਂ ਵਿਵੇਕਰਹਿਤ ਤੇ ਆਵੇਗਵਸ ਹੁੰਦਾ ਹੈ ਜਿਹੜਾ ਕਿ ਨਿਰਾਸ਼ ਹੋਈ, ਬੰਦਿਸ਼ਾਂ ਅਤੇ ਕਸ਼ਟ ਸਹਿੰਦੀ ਮਾਨਵਜਾਤੀ ਵਿਚ ਪਾਇਆ ਜਾਂਦਾ ਹੈ। ਲੋਕਾਂ ਵਿਚ ਇਸ ਗੱਲ ਦੀ ਜਾਗ੍ਰਤੀ ਆ ਜਾਂਦੀ ਹੈ ਕਿ ਉਨ੍ਹਾਂ ਦੀਆਂ ਇਛਾਵਾਂ ਅਤੇ ਖੁਹਾਇਸ਼ਾਂ ਨੂੰ ਜ਼ਬਰਦਸਤੀ ਦਬਾਇਆ ਜਾ ਰਿਹਾ ਹੈ ਜਾਂ ਬੇਵਜ੍ਹਾ ਉਨ੍ਹਾਂ ਤੇ ਬੰਦਿਸ਼ਾਂ ਥੋਪੀਆਂ ਜਾ ਰਹੀਆਂ ਹਨ ਸੋਰੋਕਿਨ ਨੇ ਆਪਣੀ ਕਿਤਾਬ The

sociology of Revolution ਵਿਚ ਇਨਕਲਾਬ ਦੀ ਵਿਆਖਿਆ ਕਰਦੇ ਹੋਏ ਲਿਖਿਆ ਹੈ ਕਿ, ਹਮੇਸ਼ਾਂ ਸਾਡੇ ਸਮਾਜ ਵਿਚ ਇਨਕਲਾਬ ਦਾ ਮੁੱਖ ਕਾਰਨ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਦੇ ਦਮਨ ਵਿਚ ਵਾਧਾ ਹੈ ਅਤੇ ਇਨ੍ਹਾਂ ਮੂਲ ਪ੍ਰਵਿਰਤੀਆਂ ਦੀ ਸੰਤੁਸ਼ਟਤਾ ਦੀ ਪ੍ਰਾਪਤੀ ਅਸੰਭਵਤਾ ਹੈ। (The immediate cause of revolution is always the growth of repression of the main instincts of majority society and the impossibility of obtaining for these instincts, the necessary minimum of satisfacion) ਜਦੋਂ ਜ਼ਰੂਰੀ ਮੂਲ ਪ੍ਰਵਿਰਤੀਆਂ ਵੀ ਪੂਰੀਆਂ ਨਾ ਹੋ ਸਕਣ ਅਤੇ ਉਨ੍ਹਾਂ ਦਾ ਦਮਨ ਲਗਾਤਾਰ ਹੁੰਦਾ ਰਹੇ ਤਾਂ ਉਹ ਇਨਕਲਾਬ ਦਾ ਰੂਪ ਧਾਰਨ ਕਰਕੇ ਸਮਾਜ ਦੇ ਵਿਚ ਪ੍ਰਗਟ ਹੁੰਦੀਆਂ ਹਨ। ਇਨਕਲਾਬ ਇਕ ਸਮੂਹਿਕ ਨਫਰਤ ਦਾ ਪ੍ਰਗਟਾਵਾ ਹੈ ਜਿਸ ਵਿਚ ਸਰਕਾਰ ਯਾਨੀ ਕਿ ਸੱਤਾ (Authority) ਅਤੇ ਇਸਦੇ ਨੁਮਾਇੰਦਿਆਂ ਨੂੰ ਬਰਤਰਫ ਜਾਂ ਖ਼ਤਮ ਕਰਕੇ ਸ਼ਕਤੀ ਆਮ ਲੋਕਾਂ ਦੇ ਹੱਥਾਂ ਵਿਚ ਆ ਜਾਂਦੀ ਹੈ।

ਇਨਕਲਾਬ ਸਿਰਫ ਮਨੋਵਿਗਿਆਨਕ ਕਾਰਕਾਂ ਕਰਕੇ ਹੀ ਨਹੀਂ ਆਉਂਦਾ ਬਲਕਿ ਇਸਦੇ ਸੰਸਕ੍ਰਿਤਿਕ ਕਾਰਕ ਵੀ ਹੋ ਸਕਦੇ ਹਨ ਜਿਹੜੇ ਕਿ ਇਨਕਲਾਬ ਦੀ ਲਹਿਰ ਨੂੰ ਤੇਜ਼ੀ ਨਾਲ ਵਧਾਉਂਦੇ ਹਨ। ਜਦੋਂ ਸਾਡੀਆਂ ਪ੍ਰਚਲਤ ਸਮਾਜਿਕ ਸੰਸਥਾਵਾਂ, ਲੋਕ ਰੀਤਾਂ, ਸਾਡੇ ਸਿਧਾਂਤ ਜਾਂ ਮੱਤ, ਪ੍ਰੰਪਰਾਵਾਂ ਜਾਂ ਰਵਾਇਤਾਂ ਅਤੇ ਰੀਤੀ ਰਿਵਾਜ ਹੌਲੀ-ਹੌਲੀ ਲੋਕਾਂ ਦੀਆਂ ਅਨੇਕ ਕਿਸਮ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਅਸਮਰਥ ਹੁੰਦੇ ਚਲੇ ਜਾਂਦੇ ਹਨ ਤਾਂ ਲੋਕ ਇਨ੍ਹਾਂ ਵਿਚ ਤੇਜ਼ੀ ਨਾਲ ਬਦਲਾਓ ਲਿਆਉਂਦੇ ਹਨ ਅਤੇ ਬਦਲਾਓ ਹੀ ਇਨਕਲਾਬ ਕਹਾਉਂਦਾ ਹੈ। ਇਸੇ ਨੂੰ ਅਸੀਂ ਸੰਸਕ੍ਰਿਤਿਕ ਬਦਲਾਓ ਜਾਂ ਪਰਿਵਰਤਨ ਕਹਿੰਦੇ ਹਾਂ। ਸਮਾਜ ਵਿਚ ਹੋ ਰਹੇ ਅਨੇਕਾਂ ਪਰਿਵਰਤਨਾਂ ਦਾ ਸਾਡੇ value system ਤੇ ਡੂੰਘਾ ਅਸਰ ਪੈਂਦਾ ਹੈ ਸਾਡੇ ਸਾਰੇ ਸੰਸਕ੍ਰਿਤਕ ਢਾਂਚੇ ਵਿਚ ਪਰਿਵਰਤਨ ਆ ਜਾਂਦਾ ਹੈ। ਲੋਕਾਂ ਦੀਆਂ ਆਦਤਾਂ, ਖੁਹਾਇਸ਼ਾਂ, ਵਿਚਾਰਧਾਰਵਾਂ ਤੇ ਉਨ੍ਹਾਂ ਦਾ ਵਿਵਹਾਰ ਬਦਲ ਜਾਂਦਾ ਹੈ। ਇਹ ਇਨਕਲਾਬ ਪੰਡੂ ਇਲਾਕਿਆਂ ਦੇ ਮੁਕਾਬਲੇ ਸ਼ਹਿਰਾਂ ਵਿਚ ਤੇਜ਼ੀ ਨਾਲ ਆਉਂਦਾ ਹੈ, ਕਿਉਂਕਿ ਸ਼ਹਿਰਾਂ ਵਿਚ ਲੋਕਾਂ ਦੀਆਂ ਵਿਚਾਰਧਾਰਾ ਤੇ ਅਸਰ ਪਾਉਣ ਵਾਲੇ ਸਾਧਨ ਜਿਵੇਂ ਅਖਬਾਰ, ਟੀ.ਵੀ. ਫਿਲਮਾਂ, ਲੀਡਰਾਂ ਦੇ ਭਾਸ਼ਣ, ਅਨੇਕ ਸੰਸਥਾਵਾਂ ਆਦਿ ਬਹੁਤ ਜ਼ਿਆਦਾ ਹੁੰਦੇ ਹਨ, ਪਰ ਪੇਂਡੂ ਇਲਾਕਿਆਂ ਵਿਚ ਇਨ੍ਹਾਂ ਦੀ ਘਾਟ ਹੁੰਦੀ ਹੈ।

ਸੰਸਕ੍ਰਿਤਿਕ ਕਾਰਨਾਂ ਦੇ ਨਾਲ ਨਾਲ ਇਨਕਲਾਬ ਦੇ ਆਰਥਿਕ ਕਾਰਨ ਵੀ ਹੁੰਦੇ ਹਨ ਜਿਹੜੇ ਕਿ ਇਨਕਲਾਬ ਲਿਆਉਣ ਵਿਚ ਸਹਾਈ ਹੁੰਦੇ ਹਨ। ਮਹਾਨ ਇਨਕਲਾਬੀ ਕਾਰਲ ਮਾਰਕਸ ਦਾ ਖਿਆਲ ਹੈ ਕਿ ਇਨਕਲਾਬ ਦਾ ਮੁੱਖ ਕਾਰਨ ਆਰਥਿਕ ਹੈ। ਕਿਉਂਕਿ ਹਰ ਸਮਾਜ ਵਿਚ ਦੋ ਤਬਕੇ ਪਾਏ ਜਾਂਦੇ ਹਨ, ਇਕ ਉਹ ਜਿਨ੍ਹਾਂ ਦੇ ਹੱਥਾਂ ਵਿਚ ਤਾਕਤ ਤੇ ਪੈਸਾ ਹੁੰਦਾ ਹੈ ਦੂਸਰੇ ਉਹ ਜਿਹੜੇ ਕਿ ਸਿਰਫ ਕੰਮ ਕਰਦੇ ਹਨ ਅਤੇ ਹਕੂਮਤ ਦੇ ਇਸ਼ਾਰਿਆਂ ਤੇ ਨੱਚਦੇ ਹਨ। ਸਾਡੇ ਮੌਜੂਦਾ ਸਮਾਜ ਵਿਚ ਸਰਮਾਏਦਾਰਾਂ ਤੇ ਕਾਮਾਂ ਤਬਕਿਆਂ ਵਿਚ ਸੰਘਰਸ਼ ਹੱਕਾਂ ਦੀ ਪੂਰਤੀ ਤੋਂ ਉਪਜਦਾ ਹੈ। ਇਹ ਹੱਕਾਂ ਦੀ ਲੜਾਈ ਆਮ ਤੌਰ ਤੇ ਆਰਥਿਕ ਪੱਖ ਤੇ ਨਿਰਭਰ ਕਰਦੀ ਹੈ। ਜਦੋਂ ਸਰਮਾਏਦਾਰੀ ਤਬਕਾ ਕਾਮੇ ਤਬਕੇ ਦਾ ਲਗਾਤਾਰ ਸੋਸ਼ਣ ਕਰਦਾ ਰਹਿੰਦਾ ਹੈ ਅਤੇ ਦੋਹਾਂ ਧਿਰਾਂ ਵਿਚ ਆਰਥਿਕ ਅਸਮਾਨਤਾ ਵੱਧਦੀ ਹੈ ਤਾਂ ਇਕ ਅਜਿਹੀ ਸਥਿਤੀ ਆਉਂਦੀ ਹੈ ਜਦੋਂ ਕਾਮਾ ਤਬਕਾ ਉਸ ਸੋਸ਼ਣ ਅਤੇ ਆਰਥਿਕ ਅਸਮਾਨਤਾ ਨੂੰ ਸਵੀਕਾਰਦਾ ਨਹੀਂ। ਉਸ ਵਿਚ ਜਾਗ੍ਰਤੀ ਆ ਜਾਂਦੀ ਹੈ ਅਤੇ ਇਨਕਲਾਬ ਲਿਆਉਂਦਾ ਹੈ।

ਇਨਕਲਾਬ ਦੇ ਰਾਜਨੀਤਿਕ ਪੱਖ ਵੀ ਹੁੰਦੇ ਹਨ ਜਿਹੜੇ ਇਸ ਦੀ ਹੋਂਦ ਲਈ ਸਹਾਈ ਹੁੰਦੇ ਹਨ। ਵੱਖੋਂ-ਵੱਖ ਦੇਸ਼ਾਂ ਵਿਚ ਸਮੇਂ ਸਮੇਂ ਸਿਰ ਰਾਜਨੀਤਿਕ ਪਾਰਟੀਆਂ ਵਿਚ ਸੰਘਰਸ਼ ਹੁੰਦਾ ਰਹਿੰਦਾ ਹੈ। ਇਹ ਸੰਘਰਸ਼ ਜ਼ਿਆਦਾਤਰ ਸੱਤਾ ਵਾਲੀ ਰਾਜਨੀਤਿਕ ਪਾਰਟੀ ਦੇ ਵਿਚ ਉਪਜਦਾ ਹੈ ਕਿਉਂਕਿ ਉਹ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿਚ ਅਸਮਰਥ ਹੁੰਦੀ ਹੈ। ਉਸ ਸਮੇਂ ਬਿਨਾਂ ਸੱਤਾ ਦੀਆਂ ਪਾਰਟੀਆਂ ਲੋਕਾਂ ਨੂੰ ਜਾਗ੍ਰਿਤ ਕਰਦੀਆਂ ਹਨ ਉਹਨਾਂ ਦੇ ਹੱਕਾਂ ਦੀ ਜਾਣਕਾਰੀ ਦਿੰਦੀਆਂ ਹਨ। ਇਹ ਪਾਰਟੀਆਂ ਲੋਕਾਂ ਨੂੰ ਆਪਣੇ ਨਾਲ ਸਹਿਮਤ ਕਰਕੇ, ਲੋਕ ਸੱਤਾ ਹਾਸਿਲ ਕਰਕੇ ਉਨ੍ਹਾਂ ਦੀ ਮਦਦ ਨਾਲ ਸੱਤਾ ਵਾਲੀ ਪਾਰਟੀ ਨੂੰ ਸੱਤਾ ਤੋਂ ਲਾਹ ਦਿੰਦੀਆਂ ਹਨ। ਇਸ ਤਰ੍ਹਾਂ ਦੇ ਇਨਕਲਾਬ ਵਿਚ ਜ਼ਿਆਦਾਤਰ ਰਾਜਨੀਤਿਕ ਸੱਤਾ ਜਾਂ ਸੁਆਰਥ ਹੀ ਮੁੱਖ ਮੁੱਦਾ ਹੁੰਦਾ ਹੈ।

**ਆਪਣਾ ਗਿਆਨ ਪਰਖੋ :**

(ੳ) ਕਰਮ ਵਿਕਾਸ ਜਾਂ ਸਹਿਜ ਵਿਕਾਸ ਕੀ ਹੈ?

(ਅ) ਇਨਕਲਾਬ ਤੋਂ ਕੀ ਭਾਵ ਹੈ?

(ੲ) ਸਹਿਜ ਵਿਕਾਸ ਤੇ ਇਨਕਲਾਬ ਵਿੱਚ ਕੀ ਅੰਤਰ ਹੈ?

## 2.4 ਵਿਕਾਸ (Development)

ਵਿਕਾਸ ਨੂੰ ਵੀ ਸਮਾਜਿਕ ਪਰਿਵਰਤਨ ਦੀ ਇਕ ਕਿਸਮ ਮੰਨਿਆ ਜਾਂਦਾ ਹੈ। ਕਿਸੇ ਵੀ ਵਸਤੂ ਅੰਦਰ ਇਹ ਤਾਕਤ ਹੁੰਦੀ ਹੈ ਕਿ ਉਸਦਾ ਹੌਲੀ ਹੌਲੀ ਵਿਕਾਸ ਹੁੰਦਾ ਰਹੇ ਜਿਵੇਂ ਕਿ ਇਕ ਬੱਚਾ ਪਹਿਲਾਂ ਜੁਆਨ ਤੇ ਫਿਰ ਬੁੱਢਾ ਹੁੰਦਾ ਹੈ। ਪਰ ਇਸ ਤਰ੍ਹਾਂ ਦੇ ਵਿਕਾਸ ਨੂੰ ਅਸੀਂ ਸਮਾਜਿਕ ਪ੍ਰਕ੍ਰਿਆ ਤੇ ਲਾਗੂ ਨਹੀਂ ਕਰ ਸਕਦੇ। ਹੋਬ ਹਾਊਸ ਨੇ ਸਮਾਜਿਕ ਵਿਕਾਸ ਨੂੰ ਚਾਰ ਤਰੀਕਿਆਂ ਨਾਲ ਸਮਝਾਉਣ ਦਾ ਯਤਨ ਕੀਤਾ ਹੈ ਉਹ ਹਨ :

(ੳ) ਸਕੇਲ ਵਿਚ ਵਾਧਾ (increase in scale)

(ਅ) ਨਿਪੁੰਨਤਾ (efficiency)

(ੲ) ਪਰਸਪਰਤਾ (mutuality)

(ਸ) ਆਜ਼ਾਦੀ (freedom)

ਉਸ ਅਨੁਸਾਰ ਸਮਾਜਿਕ ਵਿਕਾਸ ਇਕ ਅਟੱਲ ਪ੍ਰਕ੍ਰਿਆ ਹੈ ਜਿਸ ਵਿਚੋਂ ਕਿ ਹਰ ਸਮਾਜ ਗੁਜ਼ਰਦਾ ਹੈ। ਅਸੀਂ ਕੁਦਰਤੀ ਵਾਤਾਵਰਣ ਉੱਤੇ ਮਨੁੱਖੀ ਨਿਯੰਤਰਣ ਦੇ ਵਾਧੇ ਨੂੰ ਤਕਨੀਕੀ ਤੇ ਆਰਥਿਕ ਨਿਪੁੰਨਤਾ ਰਾਹੀਂ ਦਰਸਾਉਂਦੇ ਹਾਂ ਜਿਸ ਨੂੰ ਵਿਕਾਸ ਕਹਿੰਦੇ ਹਨ। ਖਾਸ ਤੌਰ ਤੇ ਜਦੋਂ ਅਸੀ ਅਜੋਕੇ ਸਮੇਂ ਵਿਚ ਵਿਕਾਸਸ਼ੀਲ ਦੇਸ਼ਾਂ ਦੀ ਗੱਲ ਕਰੀਏ ਤਾਂ ਇਸਦਾ ਅਰਥ ਹੈ ਕਿ ਅਸੀਂ ਉਸ ਪ੍ਰਕ੍ਰਿਆ ਵਲ ਸੰਕੇਤ ਕਰ ਰਹੇ ਹਾਂ ਜਿਸ ਨਾਲ ਜ਼ਿਆਦਾਤਰ ਪੇਂਡੂ ਅਤੇ ਖੇਤੀਬਾੜੀ ਪ੍ਰਧਾਨ ਸਮਾਜ ਜਿਨ੍ਹਾਂ ਦੀ ਪੈਦਾਵਾਰ ਅਤੇ ਆਮਦਨ ਘੱਟ ਹੈ ਉਹ ਆਪਣੇ ਆਪ ਨੂੰ ਸਨੱਅਤੀ ਸਮਾਜ ਵਿਚ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਜਿਸ ਨਾਲ ਉਨ੍ਹਾਂ ਵਿਚ ਆਰਥਿਕ ਕੁਸ਼ਲਤਾ ਅਤੇ ਖੁਸ਼ਹਾਲੀ ਦਾ ਸੁਧਾਰ ਹੋ ਸਕੇ।

ਬਹੁਤ ਸਾਰੇ ਵਿਦਵਾਨਾਂ ਨੇ ਵਿਕਾਸ ਦੀ ਧਾਰਨਾ ਨੂੰ ਸਪਸ਼ਟ ਕਰਨ ਲਈ ਵੱਖ ਵੱਖ ਦ੍ਰਿਸ਼ਟੀਕੋਣ ਅਪਣਾਏ ਹਨ ਕੁਝ ਵਿਦਵਾਨ ਵਿਕਾਸ ਦੀ ਤੁਲਨਾ ਉੱਨਤੀ ਨਾਲ ਕਰਦੇ ਹਨ, ਕੁਝ ਇਸਨੂੰ ਜ਼ਿੰਦਗੀ ਦਾ ਸਰੂਪ ਸਮਝਦੇ ਹਨ ਅਤੇ ਕੁਝ ਵਿਗਿਆਨ ਅਤੇ ਤਕਨੀਕ ਵਿਚ ਵਾਧਾ ਸਮਝਦੇ ਹਨ। ਸਮਾਜਿਕ ਵਿਕਾਸ ਤੋਂ ਭਾਵ ਹੈ ਆਮ ਜਨਤਾ ਦੇ ਸਮਾਜਿਕ ਪੱਧਰ ਨੂੰ ਉੱਚਾ ਉਠਾਉਣਾ, ਔਰਤਾਂ, ਬੱਚਿਆਂ ਅਤੇ ਮਜ਼ਦੂਰਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਦੇ ਯਤਨ ਕਰਨਾ, ਸਮਾਜਿਕ ਅਦਾਰਿਆਂ ਦਾ ਵਿਕਾਸ, ਬੇਹਤਰ ਸਮਾਜਿਕ ਸੰਬੰਧ ਅਤੇ ਸਮਾਜਿਕ ਨਿਆਂ ਆਦਿ। ਜ਼ਿਆਦਾਤਰ ਸਮਾਜ ਦੇ ਵਿਚ ਬਦਲਾਓ ਨੂੰ ਹੀ ਸਮਾਜਿਕ ਵਿਕਾਸ ਦਾ ਨਾਂ

ਦਿਤਾ ਜਾਂਦਾ ਹੈ, ਪਰ ਇਹ ਉਚਿੱਤ ਨਹੀਂ। ਇਸ ਦਾ ਕਾਰਨ ਇਹ ਹੈ ਕਿ ਸਮਾਜ ਵਿਚ ਬਦਲਾਓ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ। ਪਰ ਵਿਕਾਸ ਸ਼ਬਦ ਦਾ ਪ੍ਰਯੋਗ ਉਦੋਂ ਹੀ ਕੀਤਾ ਜਾਂਦਾ ਹੈ ਜਦੋਂ ਕਿਸੇ ਚੀਜ਼ ਵਿਚ ਇਜ਼ਾਫਾ ਹੋਵੇ ਅਤੇ ਉਹ ਚੰਗੇ ਲਈ ਹੋਵੇ, ਉਸ ਨੂੰ ਬੇਹਤਰ ਬਣਾਉਣ ਲਈ ਹੋਵੇ, ਇਸ ਲਈ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਵਿਕਾਸ ਦਾ ਅਰਥ ਹੈ ਸਮਾਜ ਵਿਚ ਹੋ ਰਹੇ ਪਰਿਵਰਤਨ ਨੂੰ ਸਹੀ ਦਿਸ਼ਾ ਦੇਣੀ ਅਤੇ ਮਨੁੱਖ ਅਤੇ ਪ੍ਰਕ੍ਰਿਤੀ ਨੂੰ ਸਮਝਣ ਦੀ ਸ਼ਕਤੀ ਵਿਚ ਸੁਧਾਰ ਲਿਆਉਣਾ।

ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਨੇ ਮਨੁੱਖ ਨੂੰ ਇਸ ਯੋਗ ਬਣਾ ਦਿਤਾ ਹੈ ਕਿ ਉਹ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਕਰਕੇ ਕਈ ਤਰ੍ਹਾਂ ਦੀਆਂ ਵਸਤੂਆਂ ਦਾ ਉਤਪਾਦਨ ਕਰ ਸਕੇ ਅਤੇ ਸੇਵਾਵਾਂ ਪ੍ਰਦਾਨ ਕਰ ਸਕੇ। ਪਰ ਇਹ ਵਿਕਾਸ ਦੇ ਕਈ ਪੱਖਾਂ ਵਿਚੋਂ ਕੇਵਲ ਇਕ ਪੱਖ ਹੈ। ਇਸ ਕਾਰਨ ਬਹੁਤ ਸਾਰੀਆਂ ਗੰਭੀਰ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ ਜਿਵੇਂ ਬੇਰੁਜ਼ਗਾਰੀ, ਅਥਾਹ ਗਰੀਬੀ, ਭੁੱਖਮਰੀ, ਪ੍ਰਦੂਸ਼ਨ, ਅਤਿਆਚਾਰ, ਸ਼ਹਿਰੀਕਰਣ ਆਦਿ। ਵਿਕਾਸ ਨੂੰ ਖਪਤ ਜਾਂ ਜੀਵਨ ਪੱਧਰ ਦੇ ਆਧਾਰ ਤੇ ਵੀ ਵਿਚਾਰਿਆ ਜਾ ਸਕਦਾ ਹੈ। ਇਸ ਦਾ ਅਰਥ ਹੈ ਕਿ ਜਿਹੜਾ ਜਿਤਨੀ ਖਪਤ ਕਰੇਗਾ, ਉਸਦਾ ਉਤਨਾ ਹੀ ਉੱਚਾ ਜੀਵਨ ਪੱਧਰ ਹੋਵੇਗਾ। ਪਰ ਇਸ ਤੱਤ ਨੂੰ ਵੀ ਸਹੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਖਪਤ ਵਸਤੂਆਂ ਦੀ ਕਿਸਮ ਤੇ ਜ਼ੋਰ ਨਾ ਦੇ ਕੇ, ਖਪਤ ਦੀ ਮਾਤਰਾ ਤੇ ਜ਼ੋਰ ਦਿੰਦੀ ਹੈ। ਵਿਕਾਸ ਦਾ ਅਰਥ ਜ਼ਿੰਦਗੀ ਦੀ ਰਹਿਣੀ ਵਿਚ ਸੁਧਾਰਾਂ ਤੋਂ ਵੀ ਲਿਆ ਜਾ ਸਕਦਾ ਹੈ। ਜਿਵੇਂ ਕਿ ਮਨੁੱਖ ਲਈ ਸਿਹਤ ਸਿੱਖਿਆ ਆਦਿ ਖੇਤਰਾਂ ਵਿਚ ਵਾਧਾ ਅਤੇ ਸੁਧਾਰ ਆਦਿ ਤਾਂ ਜੋ ਮਨੁੱਖੀ ਜੀਵਨ ਹੋਰ ਚੰਗਾ ਬਣਾਇਆ ਜਾ ਸਕੇ।ਵਿਕਾਸ ਦਾ ਸੰਕਲਪ ਇਕ ਸਦੀ ਤੋਂ ਹੀ ਸਮਾਜ ਵਿਗਿਆਨ ਦੇ ਖੇਤਰ ਵਿਚ ਪ੍ਰਯੋਗ ਹੋਣ ਲਗਿਆ ਹੈ। ਇਸ ਨੂੰ ਅਸੀਂ ਸਹਿਜ ਵਿਕਾਸ (evolution) ਦੇ ਸਿਧਾਂਤ ਤੋਂ ਬਿਨਾਂ ਨਹੀਂ ਸਮਝ ਸਕਦੇ। ਇਸ ਸਿਧਾਂਤ ਮੁਤਾਬਿਕ ਹਰ ਜੀਵ ਜੰਤੂ ਜਾਂ ਉਨ੍ਹਾਂ ਵਰਗੀਆਂ ਹੋਰ ਸ਼ੈਆਂ ਜਿਵੇਂ ਕਿ ਮਨੁੱਖੀ ਸਮਾਜ, ਇਕ ਪੜਾਅ ਤੋਂ ਦੂਜੇ ਪੜਾਅ ਵਲ ਵਧਦੀਆਂ ਹਨ ਜੋ ਕਿਸੇ ਸੰਸਥਾ ਨੂੰ ਪੌੜੀ ਦੇ ਟੰਬਿਆਂ ਵਾਂਗ ਹੇਠਾਂ ਤੋਂ ਉਪਰ ਵਲ ਨੂੰ ਲੈ ਜਾਂਦੀਆਂ ਹਨ। ਇਹੀ ਧਾਰਨਾ ਮਨੁੱਖੀ ਸਮਾਜ ਦੇ ਬਦਲਾਓ ਨੂੰ ਸਮਝਣ ਵਾਸਤੇ ਪ੍ਰਯੋਗ ਵਿਚ ਲਿਆਂਦੀ ਗਈ ਜਿਸ ਨੂੰ ਵਿਕਾਸ ਦਾ ਨਾਂ ਦਿੱਤਾ ਗਿਆ। ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਸੇ ਵੀ ਸਮਾਜ ਜਾਂ ਸੰਸਥਾ ਵਿਚ ਵਕਤ ਦੇ ਪੈਮਾਨੇ ਤੇ ਚਲਦਿਆਂ ਕੀ ਕੀ ਤੇ ਕਿੰਨੀ ਕੁ ਤਬਦੀਲੀ ਆਉਂਦੀ ਹੈ? ਇਸਦੇ ਅੱਡ ਅੱਡ ਅੰਗਾਂ ਜਾਂ ਕੰਮਾਂ ਵਿਚ ਕੀ ਪਰਿਵਰਤਨ ਆਇਆ ਅਤੇ ਉਹ ਪਹਿਲਾਂ ਨਾਲੋਂ ਕਿੰਨਾ ਅਗਾਂਹ ਜਾਂ ਪਿਛਾਂਹ ਹੈ? ਵਿਕਾਸ ਦਾ ਸੰਕਲਪ ਤਾਂ ਹੀ ਪ੍ਰਯੋਗ ਕੀਤਾ ਜਾਵੇਗਾ ਜੇ ਇਹ ਬਦਲਾਓ ਅਗਾਂਹ ਵਲ ਨੂੰ ਹੈ। ਇਸ ਤੋਂ ਇਹ ਗਲ ਸਾਹਮਣੇ ਆਉਂਦੀ ਹੈ ਕਿ ਇਸ ਬਦਲਾਓ ਦਾ ਕੋਈ ਮਾਪ ਤੋਲ ਵੀ ਚਾਹੀਦਾ ਹੈ ਜਿਸ ਨਾਲ ਇਸਦੀ ਮਾਤਰਾ ਦਾ ਸਾਨੂੰ ਗਿਆਨ ਹੋ ਸਕੇ ਜੋ ਕਿ ਵਿਗਿਆਨ ਦੇ ਪਹਿਲੂ ਤੋਂ ਇਕ ਜ਼ਰੂਰੀ ਕਾਰਜ ਹੈ ਤੇ ਵਿਗਿਆਨਕ ਹੋਣ ਦੀ ਕਸੌਟੀ ਵੀ ਹੈ। ਇਹੀ ਵਜਹ ਹੈ ਕਿ ਮਾਪ ਤੋਲ ਦੇ ਚੱਕਰ 'ਚ ਪੈਣ ਕਰਕੇ ਆਰਥਿਕ ਵਿਕਾਸ ਦਾ ਸੰਕਲਪ ਵਿਕਾਸ ਦੇ ਬਾਕੀ ਸਾਰੇ ਸੰਕਲਪਾਂ ਜਿਵੇਂ ਸਮਾਜਿਕ, ਰਾਜਨੀਤਿਕ, ਨੈਤਿਕ ਤੇ ਹਾਵੀ ਹੋ ਗਿਆ ਕਿਉਂਕਿ ਜੇ ਸਹੀ ਨਾਪ ਤੋਲ ਹੋ ਸਕਦਾ ਹੈ ਤਾਂ ਉਹ ਸਿਰਫ ਆਰਥਿਕ ਅੰਕੜਿਆਂ ਨਾਲ ਹੀ ਮੁਮਕਿਨ ਹੈ। ਇਹ ਆਂਕੜੇ ਗਿਣਨਾਤਮਕ (quanititative) ਹਨ ਜਦ ਕਿ ਵਿਕਾਸ ਦਾ ਬਾਕੀ ਸੰਕਲਪਾਂ ਦਾ ਸੁਭਾਅ ਗੁਣਾਤਮਕ (qualitative) ਹੈ ਜਿਨ੍ਹਾਂ ਵਿਚ ਪੜ੍ਹਨ ਲਿਖਣ ਵਾਲੇ ਦੀ ਅੰਤਰਮੁਖੱਤਾ (subjectivity) ਕਾਫੀ ਮਾਤਰਾ ਵਿਚ ਹੁੰਦੀ ਹੈ। ਇਹੀ ਕਾਰਨ ਹੈ ਕਿ ਸਮਾਂ ਪਾ ਕੇ ਵਿਕਾਸ ਦੇ ਸੰਕਲਪ ਦਾ ਅਮਲੀ ਤੌਰ ਤੇ ਅਸਲ ਮਤਲਬ ਆਰਥਿਕ ਵਿਕਾਸ ਹੀ ਹੋ ਨਿਬੜਿਆ।

## 2.5 ਪ੍ਰਗਤੀ ਜਾਂ ਤਰੱਕੀ **(Progress)**

ਪ੍ਰਗਤੀ ਜਾਂ ਤਰੱਕੀ ਦਾ ਸੰਕਲਪ ਸ਼ੁਰੂ ਸ਼ੁਰੂ ਵਿਚ ਜੀਵ ਵਿਗਿਆਨ ਦੇ ਸੰਕਲਪ ਨਾਲ ਜੁੜਿਆ ਹੋਇਆ ਸੀ ਪਰ ਉਨੀਂਵੀ ਸਦੀ ਦੇ ਸਮਾਜ ਵਿਗਿਆਨੀਆਂ ਵਾਸਤੇ ਸਮਾਜਿਕ ਪ੍ਰਗਤੀ ਦਾ ਮਤਲਬ ਸਮਾਜਿਕ ਸਹਿਜ ਵਿਕਾਸ ਹੀ ਸੀ। ਪਰ ਇਸ ਸਦੀ ਵਿਚ ਜਦੋਂ ਤਕਨੀਕੀ ਉੱਨਤੀ ਨੇ ਜ਼ੋਰ ਫੜਿਆ ਤਾਂ ਫਿਲਾਸਫਰਾਂ ਅਤੇ ਸਮਾਜ ਵਿਗਿਆਨੀਆਂ ਨੇ ਸਮਾਜਿਕ ਪਰਪੰਚ (phenomenon) ਵਿਚ ਜੋ ਧਾਰਨਾਵਾਂ (trends) ਸਾਹਮਣੇ ਆਈਆਂ ਉਨ੍ਹਾਂ ਨੂੰ ਸਮਾਜਿਕ ਉੱਨਤੀ ਮੰਨਿਆ। ਇਸ ਤਰ੍ਹਾਂ ਹੌਲੀ ਹੌਲੀ ਸਮਾਜ ਵਿਗਿਆਨੀਆਂ ਨੇ ਸਮਾਜਿਕ ਉੱਨਤੀ ਨੂੰ ਸਮਾਜਿਕ ਸਹਿਜ ਵਿਕਾਸ ਨਾਲੋਂ ਨਿਖੇੜਿਆ। ਵੱਖੋਂ ਵੱਖ ਸਮਾਜ ਵਿਗਿਆਨੀਆਂ ਨੇ ਇਸਦੀ ਵੱਖੋਂ ਵੱਖ ਤਰੀਕੇ ਨਾਲ ਪ੍ਰੀਭਾਸ਼ਾ ਦਿੱਤੀ ਜਿਵੇਂ ਕਿ ਮਕਾਈਵਰ ਅਨੁਸਾਰ ਤਰੱਕੀ ਤੋਂ ਭਾਵ ਦਿਸ਼ਾ ਹੀ ਨਹੀਂ ਬਲਕਿ ਇਕ ਖ਼ਾਸ ਕਿਸਮ ਦੇ ਟੀਚਿਆਂ ਵੱਲ ਵੱਧਣਾ ਹੁੰਦਾ ਹੈ ਜਿਹੜੇ ਟੀਚੇ ਆਦਰਸ਼ਾਂ ਤੇ ਨਿਸ਼ਚਿਤ ਕੀਤੇ ਜਾਂਦੇ ਹਨ ਨਾ ਕਿ ਕੰਮ ਦੀ ਯਥਾਰਥਿਕ ਸਮੀਖਿਆ ਕਰਕੇ (By progress we imply not merely direction but direction towards some final goal, some destination determined ideally not simply the objective consideration of work.)

ਬਰਜਸ ਮੁਤਾਬਿਕ ਤਰੱਕੀ ਦਾ ਅਰਥ ਉਹ ਬਦਲਾਓ ਜਾਂ ਅਨੁਕੂਲਤਾ ਹੁੰਦਾ ਹੈ ਜਿਹੜਾ ਕਿ ਵਿਅਕਤੀ ਜਾਂ ਸਮੂਹ ਜਾਂ ਕੋਈ ਹੋਰ ਸੰਸਥਾ ਮੌਜੂਦ ਵਾਤਾਵਰਣ ਅਨੁਸਾਰ ਆਪਣੇ ਵਿਚ ਕਰਦੀ ਹੈ (Burges defined it as "Any change or

adapation to existent environment that makes it easier for a person or group of persons or other organised form life to live may be said to represent progress")

**ਮਜ਼ੂਮਦਾਰ ਅਨੁਸਾਰ ਤਰੱਕੀ ਦੇ ਛੇ ਜ਼ਰੂਰੀ ਤੱਤ ਹਨ।**

(ੳ) ਬੰਦੇ ਦੀ ਇਜ਼ਤ ਵਿਚ ਵਾਧਾ (enhancement of the dignity of man)

(ਅ) ਇਕ ਦੂਸਰੇ ਦੀ ਸ਼ਖਸੀਅਤ ਦਾ ਆਦਰ ਸਤਿਕਾਰ (respect for each human personality)

(ੲ) ਆਤਮਿਕ ਖੋਜ ਅਤੇ ਸੱਚ ਦੀ ਭਾਲ ਲਈ ਵਧਦੀ ਆਜ਼ਾਦੀ (ever increasing freedom for spiritual quest and for investigation of truth)

(ਸ) ਕੁਦਰਤ ਦੇ ਨਜ਼ਾਰੇ ਅਤੇ ਬੰਦਿਆਂ ਦੀ ਕਲਾ ਦਾ ਆਨੰਦ ਮਾਨਣ ਦੀ ਆਜ਼ਾਦੀ (freedom for creativity and for enjoyment of truth)

(ਹ) ਇਕ ਅਜਿਹੀ ਸਮਾਜਿਕ ਵਿਵਸਥਾ ਜਿਸ ਵਿਚ ਪਹਿਲੀਆਂ ਚਾਰੇ ਕਿਸਮਾਂ ਦੀਆਂ ਕਦਰਾਂ ਕੀਮਤਾਂ ਪ੍ਰਫੁੱਲਤ ਹੋ ਸਕਦੀਆਂ ਹਨ (a social order that promotes the first four values)

(ਕ) ਜਿਸਦੇ ਵਿਚ ਜੀਵਨ, ਆਜ਼ਾਦੀ। ਖੁਸ਼ੀ ਆਦਿ ਪ੍ਰਫੁਲਿੱਤ ਹੋਣ ਸਭ ਲੋਕ ਬਰਾਬਰ ਹੋਣ ਅਤੇ ਸਭ ਨੂੰ ਇਨਸਾਫ ਮਿਲੇ (promotes life, liberty and the pursuit of happiness, with justice and equity to all)

ਤਰੱਕੀ ਦਾ ਸੁਭਾਅ ਦੋ ਕਾਰਕਾਂ ਤੇ ਨਿਰਭਰ ਕਰਦਾ ਹੈ ਇਕ ਇਹ ਕਿ ਸਾਡਾ ਮੰਤਵ ਕਿਹੋ ਜਿਹਾ ਹੈ। ਦੂਸਰੇ ਅਸੀਂ ਇਸ ਟੀਚੇ ਤੋਂ ਕਿੰਨੀ ਕੁ ਦੂਰੀ ਤੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਪ੍ਰਗਤੀ ਜਾਂ ਉੱਨਤੀ ਕਰ ਰਹੇ ਹਾਂ ਇਸਦਾ ਅਰਥ ਹੈ ਕਿ ਸਮਾਜ ਪਦਾਰਥਵਾਦ ਅਤੇ ਨੈਤਿਕ ਦੋਨਾਂ ਪੱਖਾਂ ਤੋਂ ਵੱਧ ਫੁੱਲ ਰਿਹਾ ਹੈ ਜਦੋਂ ਕਿ ਸਹਿਜ ਵਿਕਾਸ ਦੇ ਸੰਕਲਪ ਵਿਚ ਇਸ ਗੱਲ ਦਾ ਕੋਈ ਦਾਅਵਾ ਨਹੀਂ ਹੁੰਦਾ। ਸਹਿਜ ਵਿਕਾਸ ਦਾ ਭਾਵ ਸਿਰਫ ਬਦਲਾਓ ਹੀ ਹੈ ਜੋ ਚੰਗਾ ਵੀ ਹੋ ਸਕਦਾ ਹੈ ਅਤੇ ਮਾੜਾ ਵੀ ਪਰ ਸਮਾਜਿਕ ਉੱਨਤੀ ਵਿਚ ਅਸੀਂ ਕਿਸੇ ਖਾਸ ਟੀਚੇ ਵੱਲ ਅਗਾਂਹ ਹੀ ਵੱਧਦੇ ਹਾਂ ਪਿਛਾਂਹ ਵੱਲ ਨਹੀਂ। ਸਹਿਜ ਵਿਕਾਸ ਦੌਰਾਨ ਅਜਿਹੀਆਂ ਸੰਸਥਾਵਾਂ ਬਣ ਸਕਦੀਆਂ ਹਨ ਜਿਨ੍ਹਾਂ ਦਾ ਸਮਾਜ ਤੇ ਅਸਰ ਮਾੜਾ ਹੋਵੇ ਪਰ ਸਮਾਜਿਕ ਤਰੱਕੀ ਵਿਚ ਵਿਚ ਇਸ ਕਿਸਮ ਦੀ ਕ੍ਰਿਆ ਨਹੀਂ ਹੁੰਦੀ ਕਿਉਂਕਿ ਅਸੀਂ ਕੇਵਲ ਪੂਰਵ ਨਿਰਧਾਰਤ ਟੀਚਿਆਂ ਵੱਲ ਹੀ ਵੱਧਣਾ ਹੁੰਦਾ ਹੈ ਜੋ ਕਿ ਸੱਚ ਸਮਝ ਕੇ ਸਮਾਜ ਨੂੰ ਅਗਾਂਹ ਵਧਾਉਣ ਵਾਸਤੇ ਹੀ ਨਿਰਧਾਰਤ ਕੀਤੇ ਜਾਂਦੇ ਹਨ। ਪਰੰਤੂ ਇਥੇ ਇਹ ਗੱਲ ਦੱਸਣੀ ਵੀ ਜ਼ਰੂਰੀ ਹੈ ਕਿ ਇਨ੍ਹਾਂ ਟੀਚਿਆਂ ਨੂੰ ਨਿਰਧਾਰਿਤ ਕਰਨ ਵਿਚ ਵਿਅਕਤੀਆਂ, ਆਗੂਆਂ ਦੀ ਅੰਤਰਮੁੱਖਤਾ (subjectivity) ਛੁਪੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਸਾਰੇ ਹੀ ਇਕ ਕਿਸਮ ਦੀ ਤਰੱਕੀ ਨਾਲ ਸਹਿਮਤ ਹੋਣ। ਜਿਵੇਂ ਕਿ ਮਹਾਤਮਾ ਗਾਂਧੀ ਮੁਤਾਬਿਕ ਜੇ ਹਿੰਦੋਸਤਾਨ ਨੇ ਸਹੀ ਅਰਥਾਂ ਵਿਚ ਆਜ਼ਾਦੀ ਮਾਨਣੀ ਹੈ ਤਾਂ ਉਸ ਨੂੰ ਅਹਿੰਸਾ ਅਤੇ ਸਰਵੋਦਿਆਂ ਦੇ ਫਲਸਫੇ ਨੂੰ ਮਨਾਂ ਵਿਚ ਧਾਰਨ ਕਰਨਾ ਪਵੇਗਾ। ਵੱਡੇ ਸ਼ਹਿਰਾਂ ਅਤੇ ਵੱਡੀ ਮਸ਼ੀਨੀ ਸਨਅਤ ਨੂੰ ਤਿਆਗਣਾ ਪਵੇਗਾ ਅਤੇ ਪਿੰਡਾਂ ਵਿਚ ਪ੍ਰੇਮ ਭਾਵ ਨਾਲ ਰਹਿਣਾ ਪਵੇਗਾ। ਮਹਾਤਮਾ ਗਾਂਧੀ ਇਸ ਨੂੰ ਹੀ ਸੱਚ ਮੰਨਦੇ ਸੀ ਜੋ ਉਨ੍ਹਾਂ ਵਾਸਤੇ ਤਰੱਕੀ ਸੀ। ਪਰ ਨਹਿਰੂ ਇਸ ਸੋਚ ਦੇ ਉਲਟ ਸਨ ਅਤੇ ਉਨ੍ਹਾਂ ਨੇ ਭਾਰਤ ਦੀ ਤਰੱਕੀ ਵਾਸਤੇ ਉਹ ਰਾਹ ਦਿਖਾਇਆ ਜੋ ਅੱਜ ਅਸੀਂ ਵੇਖ ਰਹੇ ਹਾਂ। ਇਸੇ ਤਰ੍ਹਾਂ ਅਸੀਂ ਇਸ ਉਦਾਹਰਣ ਤੋਂ ਵੀ ਤਰੱਕੀ ਦੇ ਅਰਥ ਸਮਝ ਸਕਦੇ ਹਾਂ ਕਿ ਕੁਝ ਲੋਕ ਔਰਤਾਂ ਦੀ ਆਜ਼ਾਦੀ ਅਤੇ ਦਫਤਰਾਂ ਵਿਚ ਕੰਮ ਕਰਨ ਦੀ ਖੁੱਲ, ਨੂੰ ਚੰਗਾ ਸਮਝਦੇ ਹਨ ਪਰ ਕੁਝ ਇਸਦੇ ਬਿਲਕੁਲ ਖਿਲਾਫ ਹਨ। ਇਸ ਸਭ ਤੋਂ ਭਾਵ ਹੈ ਕਿ ਤਰੱਕੀ ਦੇ ਸੰਕਲਪ ਵਿਚ ਅੰਤਰਮੁੱਖਤਾ ਦਾ ਅੰਸ਼ ਮੌਜੂਦ ਹੈ। ਜੋ ਸਮਾਂ ਪਾ ਕੇ ਹੌਲੀ ਹੌਲੀ ਜ਼ਿਆਦਾ ਲੋਕਾਂ ਵੱਲੋਂ ਅਪਣਾਇਆ ਜਾਂਦਾ ਹੈ ਜਿਸ ਨੂੰ ਅਸੀਂ ਬਾਹਰਮੁੱਖੀ ਸਿੱਟਾ (objectivity criterrion) ਕਰਾਰ ਦਿੰਦੇ ਹਾਂ। ਅਜਿਹੀ ਕਸ਼ਮਕਸ਼ ਅਤੇ ਖਿੱਚੋਂ ਤਾਣ ਵਿਚੋਂ ਹੀ ਤਰੱਕੀ ਪੈਦਾ ਹੁੰਦੀ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਸ ਤਰੱਕੀ ਤੇ ਮਾਪਤੋਲ ਲਈ ਇਕ ਕਸੋਟੀ ਨਹੀਂ ਵਰਤੀ ਜਾ ਸਕਦੀ ਕਿਉਂਕਿ ਅਜੋਕੇ ਸਮਾਜ ਬਹੁਤ ਗੁੰਝਲਦਾਰ ਹਨ ਅਤੇ ਬਹੁਤ ਸਾਰੇ ਤੱਤਾਂ ਨਾਲ ਮਿਲ ਕੇ ਬਣੇ ਹਨ। ਕੋਈ ਵੀ ਸਮਾਜ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਉਸ ਸਮਾਜ ਦੀ ਸਮਾਜਿਕ ਜ਼ਿੰਦਗੀ ਦੇ ਸਾਰੇ ਪੱਖ ਸਾਂਝੇ ਤੌਰ ਤੇ ਮਿੱਥੇ ਟੀਚੇ ਵੱਲ ਵੱਧ ਰਹੇ ਹੋਣ। ਉਪਰੋਕਤ ਚਰਚਾ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਤਰੱਕੀ ਭਾਵ ਉੱਨਤੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ।

(ੳ) ਤਰੱਕੀ ਇਕ ਬਦਲਾਓ ਦਾ ਨਾਂ ਹੈ ਜਿਹੜਾ ਕਿ ਇਕ ਖਾਸ ਦਿਸ਼ਾ ਵੱਲ ਹੁੰਦਾ ਹੈ।

(ਅ) ਅਸੀਂ ਇਸ ਬਦਲਾਓ ਨੂੰ ਸਿਰਫ ਉਦੋਂ ਹੀ ਤਰੱਕੀ ਦਾ ਨਾਂ ਦੇ ਸਕਦੇ ਹਾਂ ਜਦੋਂ ਇਹ ਸਾਡੇ ਮਿਥੇ ਟੀਚੇ ਦੀ ਪ੍ਰਾਪਤੀ ਹੋਵੇ।

(ੲ) ਤਰੱਕੀ ਦੀ ਕੋਈ ਹੱਦਬੰਦੀ ਨਹੀਂ ਕੀਤੀ ਜਾ ਸਕਦੀ।

(ਸ) ਤਰੱਕੀ ਦਾ ਸੰਕਲਪ ਬਦਲਦਾ ਰਹਿੰਦਾ ਹੈ। ਜੋ ਚੀਜ਼ਾਂ ਸਾਡੇ ਲਈ ਉੱਨਤੀ ਦਾ ਚਿੰਨ ਹਨ ਉਹੀ ਕੱਲ ਨੂੰ ਸਾਡੀ ਅਵਨੂਤੀ ਦਾ ਕਾਰਣ ਬਣ ਸਕਦੀਆਂ ਹਨ।

(ਹ) ਤਰੱਕੀ ਕਾਮਨਾ ਹੈ ਇਸ ਨੂੰ ਪਾਉਣ ਲਈ ਇੱਛਾ ਅਤੇ ਮਰਜੀ ਦੋਨੋਂ ਜ਼ਰੂਰੀ ਹਨ।

## 2.6 ਸਾਰ

ਉਪਰੋਕਤ ਚਰਚਾ ਤੋਂ ਬਾਅਦ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਜਕਲ ਤਰੱਕੀ ਦਾ ਸੰਕਲਪ ਵਰਤੋਂ ਵਿਚ ਨਹੀਂ ਲਿਆਂਦਾ ਜਾਂਦਾ ਕਿਉਂਕਿ ਇਹ ਇਕ ਤਰ੍ਹਾਂ ਦਾ ਸਹਿਜ ਵਿਕਾਸ ਹੀ ਹੈ ਜਿਹੜਾ ਕਿ ਪ੍ਰਚਲਤ ਹੈ ਅਤੇ ਜਿਸਦਾ ਅਰਥ ਹੈ ਕਿ ਇਕ ਖਾਸ ਦਿਸ਼ਾ ਅਤੇ ਇਕ ਖਾਸ ਟੀਚੇ ਵੱਲ ਹੋ ਰਿਹਾ ਬਦਲਾਓ। ਇਹੀ ਕਾਰਨ ਹੈ ਕਿ ਸਮਾਜਿਕ ਤਰੱਕੀ ਦੇ ਦਾਇਰੇ ਨੂੰ ਸੀਮਿਤ ਕਰਨ ਲਈ ਅੱਜਕੱਲ੍ਹ ਸਮਾਜਿਕ ਪਰਿਵਰਤਨ ਅਤੇ ਸਮਾਜਿਕ ਵਿਕਾਸ ਵਰਗੇ ਸੰਕਲਪ ਵਰਤੋਂ ਵਿਚ ਲਿਆਂਦੇ ਜਾ ਰਹੇ ਹਨ।

## 2.7 ਮੁੱਖ ਸ਼ਬਦ

1. **ਸਹਿਜ ਵਿਕਾਸ** : ਹੌਲੀ ਹੌਲੀ ਹੋਣ ਵਾਲਾ ਵਾਧਾ।
2. **ਇਨਕਲਾਬ** : ਇਕ ਦਮ ਹੋਣ ਵਾਲੀ ਤਬਦੀਲੀ।
3. **ਵਿਕਾਸ** : ਯੋਜਨਾਬੱਧ ਤਰੀਕੇ ਨਾਲ ਲਿਆਂਦੀ ਉਦੇਸ਼ਾਤਮਿਕ ਤਬਦੀਲੀ।
4. **ਸਮਰੂਪ** : ਜਦੋਂ ਸਮਾਜਿਕ ਇਕਾਈਆਂ ਸਾਰੀਆਂ ਇਕੋ ਜਿਹੀਆਂ ਨਜ਼ਰ ਆਉਣ।
5. **ਵਿਜਾਤੀ ਜਾਂ ਅਸਮਰੂਪ** : ਜਦੋਂ ਸਮਾਜਿਕ ਇਕਾਈਆਂ ਇਕ ਦੂਜੇ ਤੋਂ ਵੱਖ ਨਜ਼ਰ ਆਉਣ।
6. **ਅਨੁਕੂਲਤਾ** : ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਪ੍ਰਕ੍ਰਿਆ।

## 2.8 ਅਭਿਆਸ ਲਈ ਪ੍ਰਸ਼ਨ

(ੳ) ਸਮਾਜਿਕ ਪਰਿਵਰਤਨ ਕੀ ਹੈ? ਇਸ ਦੀਆਂ ਕਿਸਮਾਂ ਦੀ ਵਿਆਖਿਆ ਕਰੋ?

(ਅ) ਸਮਾਜਿਕ ਪਰਿਵਰਤਨ ਵਿਚ ਕ੍ਰਾਂਤੀ ਅਤੇ ਸਹਿਜ ਵਿਕਾਸ ਦੇ ਸੰਕਲਪ ਦੀ ਵਿਆਖਿਆ ਕਰੋ?

(ੲ) ਵਿਕਾਸ ਤੇ ਉੱਨਤੀ ਵਿਚ ਕੀ ਫਰਕ ਹੈ? ਸਮਾਜਿਕ ਪਰਿਵਰਤਨ ਵਿਚ ਇਨ੍ਹਾਂ ਸੰਕਲਪਾਂ ਤੋਂ ਕੀ ਭਾਵ ਹੈ? ਬਿਆਨ ਕਰੋ?

**ਸੰਖੇਪ ਸਵਾਲ** :

(ੳ) ਹੋਬ ਹਾਊਸ ਨੇ ਸਮਾਜਿਕ ਵਿਕਾਸ ਨੂੰ ਕਿਹੜੇ ਚਾਰ ਤਰੀਕਿਆਂ ਨਾਲ ਸਮਝਾਉਣ ਦਾ ਯਤਨ ਕੀਤਾ ਹੈ?

(ਅ) ਕ੍ਰਾਂਤੀ ਤੋਂ ਕੀ ਭਾਵ ਹੈ?

(ੲ) ਸਮਾਜਿਕ ਪਰਿਵਰਤਨ ਦੀਆਂ ਕਿਸਮਾਂ ਦੇ ਨਾਂ ਦੱਸੋ?

(ਸ) ਵਿਕਾਸ ਤੇ ਉੱਨਤੀ ਵਿਚ ਕੀ ਫਰਕ ਹੈ? ਸੰਖੇਪ ਵਿਚ ਲਿਖੋ।

(ਹ) ਪ੍ਰੋ. ਮਜੂਮਦਾਰ ਨੇ ਤਰੱਕੀ ਦੇ ਕਿਹੜੇ ਛੇ ਤੱਤਾਂ ਦਾ ਵਰਣਨ ਕੀਤਾ ਹੈ?

(ਕ) ਤਰੱਕੀ ਦੀਆਂ ਵਿਸ਼ੇਸ਼ਤਾਈਆਂ ਲਿਖੋ।

## 2.9 ਮਾਡਲ ਉੱਤਰ

(ੳ) **ਸਹਿਜ ਵਿਕਾਸ (Evolution)**: ਇਹ ਸਿਧਾਂਤ ਚਾਰਲਸ ਡਾਰਵਿਨ ਦੇ ਕੁਦਰਤੀ ਸਹਿਜ ਵਿਕਾਸ (Natural Evolution) ਸਿਧਾਂਤ ਤੋਂ ਪ੍ਰਭਾਵਿਤ ਹੋਣ ਕਾਰਣ ਹੋਂਦ ਵਿਚ ਆਇਆ। Evolution ਦਾ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ Evolvera ਤੋਂ ਉਪਜਿਆ ਹੈ। ਜਿਸਦਾ ਅਰਥ ਹੈ ਉੱਨਤੀ ਕਰਨਾ ਜਾਂ ਤਰੱਕੀ ਕਰਨਾ। ਇਸਨੂੰ ਸੰਸਕ੍ਰਿਤ ਦੇ ਸ਼ਬਦ ਵਿਕਾਸ ਦੇ ਬਰਾਬਰ ਮੰਨਿਆ ਜਾਂਦਾ ਹੈ। ਸਮਾਜ ਵਿਚ ਸਹਿਜ ਵਿਕਾਸ ਦੀ ਪ੍ਰਕ੍ਰਿਆ ਕੁਦਰਤ ਦੇ ਨਿਯਮ ਦੇ ਮੁਤਾਬਿਕ ਸਮਝੀ ਜਾਂਦੀ ਹੈ। ਜਿਵੇਂ ਇੱਕ ਸੈਲ ਵਾਲੇ ਜੀਵ ਅਮੀਬੇ ਤੋਂ ਹੌਲੀ ਹੌਲੀ ਮਨੁੱਖ ਬਣਿਆ ਜਿਸਦੇ ਹਰੇਕ ਅੰਗ ਵਿਚ ਲੱਖਾਂ ਸੈਲ ਹਨ ਉਸੇ ਤਰੀਕੇ ਨਾਲ ਸਮਾਜ ਦਾ ਵਿਕਾਸ ਹੋਇਆ ਹੈ। ਸਧਾਰਣ ਸਮਾਜ ਜਿਸ ਵਿਚ ਸਮਾਜਿਕ ਰੋਲ ਵੀ ਸਾਧਾਰਨ ਸੀ ਅਤੇ ਇਕ ਦੂਜੇ ਤੋਂ ਨਖੇੜੇ ਜਾ ਸਦਕੇ ਸੀ ਪ੍ਰੰਤੂ ਆਧੁਨਿਕ ਸਮਾਜ ਦੀ ਜਟਿਲ ਵਿਵਸਥਾ ਹੈ। ਜਿਸ ਵਿਚ ਹਰੇਕ ਸੰਸਥਾ ਦਾ ਆਪਣਾ ਰੋਲ ਹੈ ਜਿਸਨੂੰ ਦੂਜਾ ਨਹੀਂ ਨਿਭਾ ਸਕਦਾ। ਇਸੇ ਕਰਕੇ ਆਧੁਨਿਕ ਸਮਾਜ ਵਿਚ ਅੰਤਰ ਨਿਰਭਰਤਾ ਬਹੁਤ ਜ਼ਿਆਦਾ ਹੈ। ਇਸ ਸਹਿਜ ਵਿਕਾਸ ਦੇ ਕਾਰਨ ਅੰਦਰੂਨੀ ਤੇ ਬਾਹਰੀ ਦੋਵੇਂ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ। ਬਾਹਰੀ ਹਾਲਤਾਂ ਦੇ ਬਦਲਣ ਨਾਲ ਅੰਦਰੂਨੀ ਹਾਲਤਾਂ ਦਾ ਬਦਲਣਾ ਵੀ ਜ਼ਰੂਰੀ ਹੈ।

(ਅ) **ਇਨਕਲਾਬ (Revolution)**: ਕਿਸੇ ਵੀ ਚੀਜ਼ ਜਾਂ ਸਮਾਜਿਕ ਸੰਸਥਾ ਵਿਚ ਆਉਣ ਵਾਲੇ ਇਕਦਮ ਬਦਲਾਉ ਨੂੰ ਇਨਕਲਾਬ ਜਾਂ ਕ੍ਰਾਂਤੀ ਕਿਹਾ ਜਾਂਦਾ ਹੈ। ਜੇਕਰ ਕਿਸੇ ਇਕ ਸੰਸਥਾ ਵਿਚ ਪਰਿਵਰਤਨ ਆਉਂਦਾ ਹੈ ਤਾਂ ਉਸਦਾ ਪ੍ਰਭਾਵ ਸਾਰੀਆਂ ਸੰਸਥਾਵਾਂ ਤੇ ਪੈਂਦਾ ਹੈ। ਇਨਕਲਾਬ ਨੂੰ ਕਈ ਢੰਗਾਂ ਨਾਲ ਬਿਆਨ ਕੀਤਾ ਜਾ ਸਕਦਾ ਹੈ ਜਿਵੇਂ :

(ੳ) ਰਾਜਨੈਤਿਕ ਇਨਕਲਾਬ

(ਅ) ਸੰਸਕ੍ਰਿਤਕ ਇਨਕਲਾਬ

(ੲ) ਆਰਥਿਕ ਇਨਕਲਾਬ ਆਦਿ

ਜਦੋਂ ਕਿਸੇ ਦੇਸ਼ ਦੇ ਲੋਕ ਪ੍ਰਚਲੱਤ ਸਰਕਾਰ ਤੋਂ ਸਤੁੰਸ਼ਟ ਨਹੀਂ ਹੁੰਦੇ ਅਤੇ ਉਸ ਖਿਲਾਫ ਆਵਾਜ ਉਠਾਉਂਦੇ ਹਨ ਤੇ ਇਕਜੁੱਟ ਹੋ ਕੇ ਸਤਾਧਾਰੀ ਸਰਕਾਰ ਨੂੰ ਬਰਤਰਫ ਕਰਕੇ ਰਾਜ ਪਲਟਾ ਕਰਦੇ ਹਨ। ਉਸ ਇਕਦਮ ਆਏ ਪਰਿਵਰਤਨ ਨੂੰ ਹੀ ਰਾਜਨੈਤਿਕ ਇਨਕਲਾਬ ਦਾ ਨਾਂ ਦਿੱਤਾ ਜਾਂਦਾ ਹੈ। ਇਸੇ ਤਰੀਕੇ ਨਾਲ ਸਾਡੀਆਂ ਕਦਰਾਂ - ਕੀਮਤਾਂ, ਰੀਤੀ ਰਿਵਾਜਾਂ, ਰਹਿਣ ਸਹਿਣ, ਸੋਚ, ਬੋਲ ਚਾਲ ਵਿਚ ਇਕਦਮ ਹੋਣ ਵਾਲੇ ਪਰਿਵਰਤਨ ਨੂੰ ਅਸੀਂ ਸੰਸਕ੍ਰਿਤ ਇਨਕਲਾਬ ਦਾ ਨਾਂ ਦਿੰਦੇ ਹਾਂ। ਪੰਜਾਬ ਪ੍ਰਦੇਸ਼ ਵਿਚ ਵੀ ਇਸੇ ਤਰ੍ਹਾਂ ਦੀਆਂ ਕਰਾਂਤੀਆਂ ਹਰੀ ਕ੍ਰਾਂਤੀ ਤੇ ਸਫ਼ੇਦ ਕ੍ਰਾਂਤੀ ਦੇ ਰੂਪ ਵਿੱਚ ਆਈਆਂ। ਜਦੋਂ ਫਸਲ ਦੀ ਪੈਦਾਵਾਰ ਤੇ ਦੁੱਧ ਦੀ ਪੈਦਾਵਾਰ ਬਹੁਤ ਹੋਈ ਜਿਸ ਨਾਲ ਸਮੁੱਚਾ ਮਨੁੱਖੀ ਜੀਵਨ ਪ੍ਰਭਾਵਿਤ ਹੋਇਆ ਇਸਨੂੰ ਅਸੀਂ ਆਰਥਿਕ ਇਨਕਲਾਬ ਦਾ ਨਾਂ ਦਿੰਦੇ ਹਾਂ।

## 2.10 ਪੁਸਤਕ ਸੂਚੀ


| | | |
|---|---|---|
| B. Kuppuswamy | : | Social Change in India |
| P. Gisbert | : | Fundmentals of Sociology |
| Harry M. Johnson | : | Sociology- A Systematic Introduction |
| S.C. Dube | : | Understanding Change |
| Judge P.S and Gupreet Bal | : | Strategies of Social Change |
| Yogendra Singh | : | Modernization of Indian Tradition |

ਪਾਠ ਨੰ : 1.3 ਲੇਖਕਾ : ਡਾ.ਹਰਿੰਦਰ ਕੌਰ

# ਸਮਾਜਿਕ ਪਰਿਵਰਤਨ ਦੇ ਕਾਰਕ : ਜਨਸੰਖਿਅਕ ਅਤੇ ਸੰਸਕ੍ਰਿਤਿਕ
# (Factors of Social Change : Demographic and Cultural)

ਰੂਪ-ਰੇਖਾ

3.0 ਉਦੇਸ਼
3.1 ਜਾਣ-ਪਛਾਣ
3.2 ਜਨਸੰਖਿਅਕ ਕਾਰਕ
3.3 ਸੰਸਕ੍ਰਿਤਿਕ ਕਾਰਕ
3.4 ਸਾਰ
3.5 ਮੁੱਖ ਸ਼ਬਦ
3.6 ਅਭਿਆਸ ਲਈ ਪ੍ਰਸ਼ਨ
3.7 ਮਾਡਲ ਉੱਤਰ
3.8 ਸਹਿਯੋਗੀ ਪੁਸਤਕਾਂ

## 3.0 ਉਦੇਸ਼

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਇਹ ਜਾਣਨ ਦੇ ਯੋਗ ਹੋਵੋਂਗੇ ਕਿ

- ਜਨਸੰਖਿਆ ਸਮਾਜਿਕ ਪਰਿਵਰਤਨ ਲਿਆਉਣ ਵਿਚ ਕੀ ਭੂਮਿਕਾ ਨਿਭਾਉਂਦੀ ਹੈ?
- ਆਬਾਦੀ ਦੇ ਕੀ ਨਿਯਮ ਹਨ ਅਤੇ ਥੋਮਸ, ਆਰ.ਮਾਲਥਸ ਨੇ ਪਰੀਵੈਨਟਿਵ ਚੈਕਸ ਦੀ ਕੀ ਗੱਲ ਕੀਤੀ ਹੈ?
- ਸਮਾਜਿਕ ਪਰਿਵਰਤਨ ਲਿਆਉਣ ਵਿਚ ਸੰਸਕ੍ਰਿਤਿਕ ਕਾਰਕ ਕਿਵੇਂ ਭੂਮਿਕਾ ਨਿਭਾਉਂਦੇ ਹਨ।
- ਮੈਕਸ ਵੇਬਰ ਨੇ ਕਿਵੇਂ ਸਿੱਧ ਕੀਤਾ ਕਿ ਸਾਡੀਆਂ ਕਦਰਾਂ ਕੀਮਤਾਂ ਅਤੇ ਸਾਡੀ ਸੰਸਕ੍ਰਿਤੀ ਸਾਡੀ ਵਿਚਾਰਧਾਰਾ ਨੂੰ ਬਦਲ ਸਕਦੀ ਹੈ?

## 3.1 ਜਾਣ-ਪਛਾਣ

ਅਸੀਂ ਸਮਾਜਿਕ ਪਰਿਵਰਤਨ ਦੀ ਪਰਿਭਾਸ਼ਾ ਅਤੇ ਉਸ ਦੀਆਂ ਕਿਸਮਾਂ ਬਾਰੇ ਪਹਿਲੇ ਦੋ ਪਾਠਾਂ ਵਿਚ ਜਾਣਕਾਰੀ ਪ੍ਰਾਪਤ ਕਰ ਚੁੱਕੇ ਹਾਂ। ਇਸ ਪਾਠ ਵਿਚ ਅਸੀਂ ਸਮਾਜਿਕ ਪਰਿਵਰਤਨ ਦੇ ਕਾਰਕਾਂ ਦੀ ਵਿਆਖਿਆ ਕਰਾਂਗੇ। ਜਿਵੇਂ ਕਿ ਪਹਿਲਾਂ ਵੀ ਕਿਹਾ ਗਿਆ ਹੈ ਕਿ ਸਮਾਜਿਕ ਪਰਿਵਰਤਨ ਕਿਸੇ ਇਕ ਕਾਰਕ (Factor) ਕਾਰਨ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਕਾਰਕ ਸਮਾਜਿਕ ਪਰਿਵਰਤਨ ਲਿਆਉਣ ਵਿਚ ਸਹਾਈ ਹੁੰਦੇ ਹਨ। ਪਰ ਇਹ ਸਾਰੇ ਕਾਰਕ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਕ ਦੂਸਰੇ ਨਾਲ ਸੰਬੰਧਿਤ ਹੁੰਦੇ ਹਨ। ਵੱਧ ਰਹੀ ਆਬਾਦੀ, ਸਾਡੀ ਸੰਸਕ੍ਰਿਤੀ, ਉਦਯੋਗਿਕ ਇਨਕਲਾਬ, ਆਰਥਿਕ ਅਤੇ ਵਿਧਾਨ ਜਿਹੇ ਕਾਰਕ ਸਮਾਜ ਵਿਚ ਪਰਿਵਰਤਨ ਲਿਆਉਣ ਵਿਚ ਸਹਾਈ ਹੁੰਦੇ ਹਨ, ਇਸ ਪਾਠ ਵਿਚ ਅਸੀਂ ਜਨਸੰਖਿਅਕ ਅਤੇ ਸੰਸਕ੍ਰਿਤਕ ਕਾਰਕਾਂ ਤੇ ਚਾਨਣਾ ਪਾਵਾਂਗੇ।

## 3.2 ਜਨਸੰਖਿਅਕ ਕਾਰਕ (Demographic factors)

ਇਸ ਗੱਲ ਤੋਂ ਅਸੀਂ ਭਲੀਭਾਂਤ ਜਾਣੂ ਹਾਂ ਕਿ ਆਬਾਦੀ ਦਾ ਵੱਧ ਰਿਹਾ ਆਕਾਰ ਅਤੇ ਇਸਦੀ ਮਿਕਦਾਰ (Composition) ਸਮਾਜਿਕ ਪਰਿਵਰਤਨ ਲਿਆਉਣ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਦੇਸ਼ ਜਾਂ ਸਮਾਜ ਦੀ ਆਰਥਿਕ ਹਾਲਤ ਤੇ ਵੱਧ ਰਹੀ ਆਬਾਦੀ ਦਾ ਬਹੁਤ ਪ੍ਰਭਾਵ ਹੁੰਦਾ ਹੈ। ਸਮਾਜ ਵਿਚ ਇਸ ਨਾਲ ਅਨੇਕਾਂ ਪ੍ਰਕਾਰ ਦੇ ਬਦਲਾਓ ਆਉਂਦੇ ਹਨ ਕਿਉਂਕਿ ਵਧੇਰੇ ਆਬਾਦੀ ਦੀਆਂ ਲੋੜਾਂ ਦੀ ਵੱਧ ਹੁੰਦੀਆਂ ਹਨ ਜਿਸ ਲਈ ਉਸ ਸਮਾਜ ਵਿਚ ਉਤਪਾਦਨ ਵੀ ਵੱਧ ਕਰਨਾ ਪਵੇਗਾ। ਵੱਧ ਉਤਪਾਦਨ ਲਈ ਮਸ਼ੀਨਰੀ, ਕਾਮਿਆਂ ਅਤੇ ਨਿਪੁੰਨਤਾ ਦੀ ਵੀ ਅਧਿਕ ਲੋੜ ਪਵੇਗੀ। ਇਹ ਅੰਤਰਰਾਸ਼ਟਰੀ ਵਿਉਪਾਰ ਵਿੱਚ ਵੀ ਵਾਧਾ ਹੋਵੇਗਾ। ਇਹ ਸਭ ਚੀਜ਼ਾਂ ਇਕ ਦੂਸਰੇ ਨਾਲ ਸੰਬੰਧਿਤ ਹਨ।

ਜਿਵੇਂ ਅਸੀਂ ਜਾਣਦੇ ਹਾਂ ਕਿ ਕਿਸੇ ਸਮੇਂ ਵਿਚ ਭਾਰਤ ਨੂੰ ਸੋਨੇ ਦੀ ਚਿੜੀਆਂ ਕਿਹਾ ਜਾਂਦਾ ਸੀ। ਇਸੇ ਕਰਕੇ ਬਹੁਤ ਸਾਰੇ ਬਾਹਰੀ ਮੁਲਕਾਂ ਨੇ ਭਾਰਤ ਤੇ ਹਮਲੇ ਕੀਤੇ ਜਿਸ ਨਾਲ ਕਈ ਤਰ੍ਹਾਂ ਦੇ ਸਮਾਜਿਕ ਪਰਿਵਰਤਨ ਆਏ। ਇਹ ਹਮਲੇ ਉਦੋਂ ਹੀ ਹੁੰਦੇ

ਹਨ ਜਦੋਂ ਦੇਸ਼ ਦੀ ਅੰਦਰੂਨੀ ਸਥਿਤੀ ਖਰਾਬ ਹੋਵੇ ਕਿਉਂਕਿ ਦੁਨੀਆਂ ਦੀ ਵੱਧ ਰਹੀ ਆਬਾਦੀ ਲਗਭਗ 7 Billion ਹੈ ਅਤੇ ਡੇਢ ਪ੍ਰਤੀਸ਼ਤ ਹਰ ਸਾਲ ਦੀ ਔਸਤ ਨਾਲ ਵੱਧ ਰਹੀ ਹੈ ਭਾਰਤ ਦੀ ਆਬਾਦੀ ਇਸ ਸਮੇਂ ਇਕ ਅਰਬ 22 ਕਰੋੜ ਦੇ ਕਰੀਬ ਹੈ। ਇਸ ਲਈ ਹਰ ਸਮਾਜ ਵਿਚ ਪਰਿਵਰਤਨ ਆਉਣਾ ਲਾਜ਼ਮੀ ਹੈ। ਪਰ ਹੁਣ ਇਹ ਸਵਾਲ ਉਠਦਾ ਹੈ ਕਿ ਪੁਰਾਤਨ ਸਮਾਜ ਦੇ ਮੁਕਾਬਲੇ ਅੱਜਕਲ੍ਹ ਆਬਾਦੀ ਇੰਨੀ ਤੇਜ਼ੀ ਨਾਲ ਕਿਉਂ ਵੱਧ ਰਹੀ ਹੈ। ਇਸ ਗੱਲ ਦੇ ਜਵਾਬ ਵਿਚ Mathur ਨੇ Essay on populationਵਿਚ ਲਿਖਿਆ ਹੈ ਕਿ ਪੁਰਾਣੇ ਸਮੇਂ ਵਿਚ ਦੋ ਤਰ੍ਹਾਂ ਦੀਆਂ ਰੋਕਾਂ ਸਨ ਜੋ ਆਬਾਦੀ ਨੂੰ ਵਧਣੋ ਰੋਕਦੀਆਂ ਸਨ। ਪਹਿਲੀ ਕਿਸਮ ਸੀ ਭੁੱਖਮਰੀ ਅਤੇ ਬਿਮਾਰੀਆਂ ਜਿਹੜੀਆਂ ਕਿ ਆਬਾਦੀ ਨੂੰ ਰੋਕਣ ਲਈ ਸਕਾਰਾਤਮਕ (positive) ਰੋਲ ਅਦਾ ਕਰਦੀਆਂ ਸਨ। ਲਾ-ਇਲਾਜ ਬਿਮਾਰੀਆਂ ਫੈਲ ਜਾਂਦੀਆਂ ਸਨ ਅਤੇ ਇਸ ਮਹਾਂਮਾਰੀ ਨਾਲ ਬਹੁਤ ਸਾਰੇ ਲੋਕ ਮਾਰੇ ਜਾਂਦੇ ਸਨ ਜਿਸ ਨਾਲ ਆਬਾਦੀ ਘੱਟ ਜਾਂਦੀ ਸੀ। ਕੁਝ ਲੋਕ ਉਹ ਜਗ੍ਹਾ ਛੱਡਕੇ ਹੋਰ ਥਾਂ ਜਾ ਵਸਦੇ ਜਿਸ ਨਾਲ ਉਨ੍ਹਾਂ ਦੇ ਸਮਾਜਿਕ ਜੀਵਨ ਤੇ ਵੀ ਅਸਰ ਪੈਂਦਾ ਅਤੇ ਕਈ ਤਰ੍ਹਾਂ ਦੇ ਪਰਿਵਰਤਨ ਆਉਂਦੇ। ਇਕ ਤਾਂ ਖੇਤੀਬਾੜੀ ਦੇ ਘੱਟ ਸਾਧਨਾਂ ਕਰਕੇ ਉਸ ਸਮੇਂ ਪੈਦਾਵਾਰ ਵੀ ਘੱਟ ਹੁੰਦੀ ਸੀ ਅਤੇ ਕਾਲ ਪੈ ਜਾਂਦੇ ਸਨ ਜਿਸ ਨਾਲ ਬਹੁਤ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਸਨ ਅਤੇ ਇਸ ਨਾਲ ਸਮਾਜਿਕ ਵਿਵਸਥਾ ਵਿਚ ਬਦਲਾਓ ਆ ਜਾਂਦਾ ਸੀ। ਦੂਸਰੀ ਕਿਸਮ ਦੀ ਰੋਕ ਜੋ ਆਬਾਦੀ ਨੂੰ ਵੱਧਣ ਤੋਂ ਰੋਕਦੀ ਸੀ ਉਹ ਸੀ ਵਿਆਹ ਨਾ ਕਰਵਾਉਣਾ ਜਾਂ ਫਿਰ ਵੱਡੀ ਉਮਰ ਵਿਚ ਵਿਆਹ ਕਰਵਾਉਣਾ। ਭਾਵੇਂ ਆਮ ਲੋਕਾਂ ਦਾ ਵਿਆਹ ਬਹੁਤ ਛੋਟੀ ਉਮਰ ਵਿਚ ਹੋ ਜਾਂਦਾ ਸੀ ਪਰ ਕੁਝ ਲੋਕ ਵੱਡੀ ਉਮਰ ਵਿਚ ਵਿਆਹ ਕਰਵਾਉਂਦੇ ਸਨ ਜਿਸ ਨਾਲ ਜਾਂ ਤਾਂ ਬੱਚੇ ਲੇਟ ਹੁੰਦੇ ਸਨ ਜਾਂ ਫਿਰ ਹੁੰਦੇ ਹੀ ਨਹੀਂ ਸੀ। ਇਸ ਤਰ੍ਹਾਂ ਦੀਆਂ ਚੀਜ਼ਾਂ ਵੀ ਆਬਾਦੀ ਦੀ ਰੋਕਥਾਮ ਲਗਾਉਂਦੀਆਂ ਹਨ।

ਜਨ-ਸੰਖਿਅਕ ਇਤਿਹਾਸ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਆਬਾਦੀ ਅਤੇ ਉਦਯੋਗ ਇਕ ਸਾਥ ਵੱਧਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਖੇਤੀਬਾੜੀ ਦੇ ਸਾਧਨ ਘੱਟ ਸੀ ਤੇ ਪੈਦਾਵਾਰ ਘੱਟ ਸੀ ਤਾਂ ਆਬਾਦੀ ਵੀ ਘੱਟ ਸੀ। ਪਰ ਜਿਉਂ ਹੀ ਖੇਤੀਬਾੜੀ ਦੇ ਸਾਧਨ ਵੱਧ ਗਏ ਅਤੇ ਨਾਲ ਹੀ ਪੈਦਾਵਾਰ ਵੱਧ ਗਈ ਉਸ ਦੇ ਨਾਲ ਨਾਲ ਹੀ ਆਬਾਦੀ ਵੀ ਤੇਜ਼ੀ ਨਾਲ ਵੱਧਣ ਲੱਗ ਪਈ। ਇਹ ਵੀ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸਥਿਰ ਜਾਂ ਸਥਾਈ ਸਮਾਜਾਂ ਵਿਚ ਤੁਰਦੇ ਫਿਰਦੇ (mobile) ਅਤੇ ਸ਼ਿਕਾਰੀ ਜਾਂ ਭੋਜਨ ਇਕੱਠਾ ਕਰਨ ਵਾਲੇ ਝੁੰਡਾ (food gatherers) ਦੇ ਸਮਾਜਾਂ ਦੇ ਮੁਕਾਬਲੇ ਆਬਾਦੀ ਤੇਜ਼ੀ ਨਾਲ ਵੱਧਦੀ ਹੈ। ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲੱਗ ਜਾਂਦਾ ਹੈ ਕਿ ਜਿਉਂ ਹੀ ਲੋਕਾਂ ਵਿਚ ਸ਼ਹਿਰੀ ਜੀਵਨ ਦੀ ਮਕਬੂਲੀਅਤ ਵੱਧੀ ਉਸਦੇ ਨਾਲ ਹੀ ਆਬਾਦੀ ਵੀ ਤੇਜ਼ੀ ਨਾਲ ਵੱਧ ਗਈ ਉੱਨੀਵੀਂ ਸਦੀ ਵਿਚ ਤਕਨੀਕੀ ਇਨਕਲਾਬ ਦੇ ਬਹੁਤ ਸਾਰੇ ਦੇਸ਼ਾਂ ਵਿਚ ਫੈਲਣ ਨਾਲ ਵੀ ਆਬਾਦੀ ਤੇ ਅਸਰ ਪਿਆ ਕਿਉਂਕਿ ਉਦਯੋਗਿਕ ਪੈਦਾਵਾਰ ਅਤੇ ਖੇਤੀਬਾੜੀ ਦੀ ਪੈਦਾਵਾਰ ਵੱਧਣ ਨਾਲ ਆਬਾਦੀ ਦਾ ਵੱਧਣਾ ਲਾਜ਼ਮੀ ਸੀ। ਤਕਨੀਕੀ ਇਨਕਲਾਬ ਨਾਲ ਅਤੇ ਸਾਇੰਸ ਦੀ ਤਰੱਕੀ ਨਾਲ ਨਵੀਆਂ ਨਵੀਆਂ ਦਵਾਈਆਂ ਅਤੇ ਸਰਜਰੀ ਨੇ ਭਿਆਨਕ ਬਿਮਾਰੀਆਂ ਤੇ ਕਾਬੂ ਪਾ ਲਿਆ ਹੈ। ਲੋਕਾਂ ਦੀ ਮਰਨ ਔਸਤ ਘੱਟ ਗਈ ਹੈ ਅਤੇ ਆਯੂ ਔਸਤ ਵਿਚ ਵਾਧਾ ਹੋਇਆ ਹੈ। ਹੈਜਾ, ਪਲੇਗ, ਚੇਚਕ, ਟੀ.ਬੀ. ਵਰਗੀਆਂ ਭਿਆਨਕ ਬੀਮਾਰੀਆਂ ਨੂੰ ਦੂਰ ਕਰਨ ਲਈ ਦਵਾਈਆਂ ਨਾਲ ਇਨ੍ਹਾਂ ਬਿਮਾਰੀਆਂ ਤੇ ਕਾਬੂ ਪਾ ਲਿਆ ਜਾਂਦਾ ਹੈ। ਕੈਂਸਰ ਵਰਗੀ ਲਾਇਲਾਜ ਬੀਮਾਰੀ ਦਾ ਵੀ ਕਾਫ਼ੀ ਹੱਦ ਤੱਕ ਇਲਾਜ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦਵਾਈਆਂ ਤੇ ਸਰਜਰੀ ਦੀ ਖੋਜ ਨਾਲ ਬਿਮਾਰੀਆਂ ਤੇ ਕਾਬੂ ਪਾ ਕੇ ਲੋਕਾਂ ਦੀ ਮਰਨ ਦੀ ਦਰ ਘੱਟ ਗਈ ਹੈ ਪਰ ਜਨਮ ਦਰ ਦਿਨੋਂ ਦਿਨ ਵੱਧ ਰਹੀ ਹੈ ਜਿਸ ਨਾਲ ਆਬਾਦੀ ਬਹੁਤ ਹੋ ਗਈ ਹੈ। ਸਮਾਜ ਦਿਨੋ ਦਿਨ ਵੱਧਦੇ ਚਲੇ ਜਾ ਰਹੇ ਹਨ ਅਤੇ ਲੋਕਾਂ ਦੀਆਂ ਲੋੜਾਂ ਵੀ ਵੱਧਦੀਆਂ ਹੀ ਜਾ ਰਹੀਆਂ ਹਨ। ਜਿਨ੍ਹਾਂ ਦੀ ਪੂਰਤੀ ਲਈ ਸਮਾਜ ਵਿਚ ਤਰ੍ਹਾਂ ਤਰ੍ਹਾਂ ਦੀਆਂ ਤਬਦੀਲੀਆਂ ਆ ਰਹੀਆਂ ਹਨ।

ਥੋਮਸ-ਆਰ, ਮਾਲਥਸ ਨੇ ਆਬਾਦੀ ਦੇ ਨਿਯਮਾਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

(ੳ) ਰੋਜ਼ੀ ਰੋਟੀ ਦੇ ਸਾਧਨ ਆਬਾਦੀ ਦੇ ਵੱਧਣ ਤੇ ਰੋਕਥਾਮ ਲਾਉਂਦੇ ਹਨ।

(ਅ) ਜਦੋਂ ਰੋਜ਼ੀ ਰੋਟੀ ਦੇ ਸਾਧਨ ਵੱਧ ਜਾਂਦੇ ਹਨ ਤਾਂ ਨਾਲ ਹੀ ਜਨ ਸੰਖਿਆ ਵੀ ਵੱਧ ਜਾਂਦੀ ਹੈ।

(ੲ) ਜਨਸੰਖਿਆ ਉਤੇ ਜੇਕਰ ਨਿਯੰਤਰਣ ਨਾ ਰੱਖਿਆ ਜਾਵੇ ਤਾਂ ਇਹ ਪੱਚੀ ਸਾਲਾਂ ਵਿਚ ਦੁੱਗਣੀ ਹੋ ਜਾਂਦੀ ਹੈ।

(ਸ) ਵੱਧ ਰਹੀ ਆਬਾਦੀ ਨੂੰ ਰੋਕਣ ਲਈ ਨੈਤਿਕ ਬੰਦਿਸ਼ਾਂ ਤੋਂ ਇਲਾਵਾ ਕਾਲ, ਮਹਾਂਮਾਰੀ ਅਤੇ ਲੜਾਈ ਵਰਗੀਆਂ ਚੀਜ਼ਾਂ ਵੀ ਕਾਰਣ ਬਣਦੀਆਂ ਹਨ।

ਦੂਸਰੇ ਜੀਵ ਜੰਤੂਆਂ ਦੀ ਤਰ੍ਹਾਂ ਮਨੁੱਖੀ ਜੀਵਨ ਵੀ ਜਿਉਣ ਦੇ ਸਾਧਨਾਂ ਦੇ ਮੁਹਈਆਂ ਹੋਣ ਤੇ ਨਿਰਭਰ ਕਰਦਾ ਹੈ। ਖਾਣ-ਪੀਣ ਦੀਆਂ ਵਸਤਾਂ ਦੀ ਉਪਜ ਵਿਚ ਵਾਧੇ ਨਾਲ ਉਸਦੇ ਖਪਤਕਾਰਾਂ ਵਿਚ ਵੀ ਵਾਧਾ ਹੁੰਦਾ ਹੈ ਜਿਸ ਦਾ ਅਰਥ ਹੈ ਕਿ ਜਨਸੰਖਿਆ ਵੱਧ ਜਾਂਦੀ ਹੈ। ਪਰ ਦੂਸਰੇ ਪਾਸੇ ਜੇਕਰ ਵੱਧਦੀ ਜਨਸੰਖਿਆ ਦੀ ਕਟੌਤੀ ਕੀਤੀ ਜਾਵੇ ਤਾਂ ਹੀ ਰਹਿਣ ਸਹਿਣ ਦੇ ਢੰਗ ਚੰਗੇ ਪ੍ਰਦਾਨ ਕੀਤੇ ਜਾ ਸਕਣ। ਇਸ ਲਈ ਅੱਜ ਕੱਲ੍ਹ ਤੇਜ਼ੀ ਨਾਲ ਵੱਧਦੀ ਹੋਈ ਜਨਸੰਖਿਆ ਤੇ ਰੋਕਥਾਮ ਲਾਉਣ ਲਈ ਬਹੁਤ ਸਾਰੇ ਉਪਾਏ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਮਾਲਥਸ ਨੇ ਪਰੀਵੈਨਟਿਵ ਚੈਕ (preventive checks) ਦਾ ਨਾਂ ਦਿੱਤਾ ਹੈ। ਭਾਰਤ ਵਿਚ

ਵੱਧਦੀ ਜਨਸੰਖਿਆ ਦੀ ਰੋਕਥਾਮ ਲਈ ਬਹੁਤ ਸਾਰੀਆਂ ਸਮਾਜ ਸੁਧਾਰਕਾਂ ਲਹਿਰਾਂ ਚਲਾਈਆਂ ਗਈਆਂ। ਪੰਜਾਂ ਸਾਲਾਂ ਯੋਜਨਾ ਦੇ ਅੰਤਰਗਤ ਪਰਿਵਾਰ ਨਿਯੋਜਕ ਪ੍ਰੋਗਰਾਮ ਰੱਖੇ ਗਏ ਹਨ। ਇਸ ਦੇ ਨਾਲ ਮਰਨ ਦੀ ਸੰਖਿਆ ਨੂੰ ਵੀ ਰੋਕ ਲਿਆ ਗਿਆ ਹੈ। ਜਿਵੇਂ ਗਰਭਵਤੀ ਔਰਤਾਂ ਦੀ ਠੀਕ ਦੇਖਭਾਲ, ਉਨ੍ਹਾਂ ਵਿਚ ਪੌਸ਼ਟਿਕ ਖੁਰਾਕ ਅਤੇ ਸਮੇਂ ਸਮੇਂ ਸਿਰ ਲੋੜਵੰਦ ਦਵਾਈਆਂ ਦੇਣਾ। ਮੈਟਰਨਿਟੀ ਹਸਪਤਾਲ ਖੋਲ੍ਹਣ ਅਤੇ ਉਨ੍ਹਾਂ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ, ਚੰਗੇ ਡਾਕਟਰ ਤੇ ਨਰਸਾਂ ਆਦਿ। ਵੱਡੇ ਹੋ ਰਹੇ ਬੱਚਿਆਂ ਲਈ ਸੰਤੁਲਿਤ ਆਹਾਰ ਤੇ ਦੁੱਧ, ਵੱਖੋ ਵੱਖ ਬਿਮਾਰੀਆਂ ਦੇ ਸਮੇਂ ਸਮੇਂ ਟੀਕੇ ਲਗਵਾਉਣੇ ਅਤੇ ਉਨ੍ਹਾਂ ਦੀ ਅਰੋਗਤਾ ਦਾ ਧਿਆਨ ਰੱਖਣਾ। ਇਨ੍ਹਾਂ ਸਭ ਚੀਜ਼ਾਂ ਨਾਲ ਜਿਥੇ ਮਰਨ ਦਰ ਘਟੀ ਹੈ ਉਥੇ ਆਯੂ ਔਸਤ ਵੀ ਵੱਧ ਗਈ ਹੈ। ਇਸ ਤੋਂ ਇਲਾਵਾ ਲੋਕਾਂ ਦੀ ਸਿਖਿਆ ਦੁਆਰਾ ਜਾਗ੍ਰਿਤੀ ਕਰਵਾਉਣਾ ਕਿ ਘੱਟ ਬੱਚੇ ਪਰਿਵਾਰ ਦੀ ਭਲਾਈ ਲਈ ਹਨ। ਘੱਟ ਬੱਚਿਆਂ ਦੀ ਪ੍ਰਵਰਿਸ਼ ਵਧੀਆ ਕੀਤੀ ਜਾ ਸਕਦੀ ਹੈ। ਬੱਚੇ ਰੱਬ ਦੀ ਦੇਣ ਨਹੀਂ, ਬਲਕਿ ਮਨੁੱਖ ਦੀ ਆਪਣੀ ਖੁਹਾਇਸ਼ ਹਨ। ਇਨ੍ਹਾਂ ਦੀ ਵਧੇਰੇ ਤਦਾਦ ਕਿਸੇ ਲਈ ਵੀ ਲਾਹੇਵੰਦ ਨਹੀਂ, ਨਾ ਸਮਾਜ ਲਈ ਅਤੇ ਨਾ ਪਰਿਵਾਰ ਲਈ। ਮਰਦਾਂ ਅਤੇ ਔਰਤਾਂ ਨੂੰ ਪਰਿਵਾਰ ਨਿਯੋਜਨ ਦੇ ਵੱਖੋ ਵੱਖ ਤਰੀਕਿਆਂ ਬਾਰੇ ਜਾਣਕਾਰੀ ਦੇਣੀ, ਛੋਟੀ ਉਮਰ ਵਿਚ ਹੋਣ ਵਾਲੇ ਵਿਆਹਾਂ ਤੇ ਪਾਬੰਦੀ ਲਗਾਉਣਾ। ਲੜਕੀਆਂ ਦਾ ਪੜ੍ਹਾਈ ਵੱਲ ਰੁਝਾਨ ਹੋਣ ਕਰਕੇ ਦੇਰ ਨਾਲ ਵਿਆਹ ਕਰਵਾਉਣ ਵਰਗੇ ਪਰਿਵਰਤਨ ਆਏ।

ਸ਼ਹਿਰੀਕਰਣ ਦੇ ਕਾਰਕ ਵਜੋਂ ਇਹ ਪਰਿਵਰਤਨ ਦੇਖਣ ਵਿਚ ਆਇਆ ਕਿ ਜੋ ਕਾਮੇ ਬਹੁਤ ਕੁਸ਼ਲ ਨਹੀਂ ਭਾਵ ਜਿਨ੍ਹਾਂ ਕੋਲ ਨਿਪੁੰਨਤਾ ਨਹੀਂ ਉਨ੍ਹਾਂ ਦੇ ਬੱਚਿਆਂ ਦੀ ਸੰਖਿਆ ਘੱਟ ਹੁੰਦੀ ਹੈ। ਇਸੇ ਤਰ੍ਹਾਂ ਕਲਰਕਾਂ, ਪੇਸ਼ਾਵਰ ਲੋਕਾਂ ਵਿਚ ਵੀ ਘੱਟ ਬੱਚੇ ਪੈਦਾ ਕਰਨ ਦਾ ਰਿਵਾਜ ਹੈ ਅਤੇ ਨੌਕਰੀ ਕਰਨ ਵਾਲੀਆਂ ਔਰਤਾਂ ਵਿਚ ਵੀ ਇਹੀ ਪ੍ਰਥਾ ਹੈ। ਕਮਜ਼ੋਰ ਤੇ ਨੀਵੇਂ ਵਰਗਾਂ ਵਿਚ ਬੱਚਿਆਂ ਦੀ ਸੰਖਿਆ ਬਹੁਤ ਜ਼ਿਆਦਾ ਹੁੰਦੀ ਹੈ ਜਿਹੜੀ ਕਿ ਸਮਾਜ ਦੀ ਉੱਨਤੀ ਦੇ ਪਤਨ ਜਾਂ ਗਿਰਾਵਟ ਦਾ ਕਾਰਣ ਬਣ ਜਾਂਦੀ ਹੈ।

ਵੱਡੀ ਉਮਰ ਵਿਚ ਵਿਆਹ ਕਰਵਾਉਣ ਅਤੇ ਘੱਟ ਬੱਚੇ ਪੈਦਾ ਕਰਨ ਨਾਲ ਸਮਾਜ ਵਿਚ ਕਈ ਤਰ੍ਹਾਂ ਦੇ ਪਰਿਵਰਤਨ ਆਏ ਜਿਵੇਂ ਪਤੀ-ਪਤਨੀ ਦੇ ਆਪਸੀ ਸੰਬੰਧਾਂ ਵਿਚ ਫਰਕ, ਔਰਤ ਦੀ ਸਮਾਜਿਕ ਸਥਿਤੀ ਵਿਚ ਪਰਿਵਰਤਨ, ਬੱਚਿਆਂ ਦੀ ਪਰਵਰਿਸ਼ ਦੇ ਤਰੀਕਿਆਂ ਵਿਚ ਬਦਲਾਓ ਅਤ ਪਰਿਵਾਰ ਦੀ ਆਤਮ ਨਿਰਭਰਤਾ ਵਿਚ ਪਰਿਵਰਤਨ ਆਦਿ। ਜਦੋਂ ਜਨਸੰਖਿਆ ਘੱਟ ਜਾਂਦੀ ਹੈ ਤਾਂ ਸਮਾਜ ਦੀ ਆਰਥਿਕ ਸਥਿਤੀ ਵਿਚ ਵੀ ਸੁਧਾਰ ਆ ਜਾਂਦਾ ਹੈ, ਉਦਯੋਗਿਕ ਤਰੱਕੀ, ਖਾਣ ਪੀਣ ਦੀਆਂ ਵਸਤਾਂ ਦੀ ਵਧੇਰੇ ਪੈਦਾਵਾਰ, ਸਿਖਿਅਕ ਸਹੂਲਤਾਂ ਵਿਚ ਵੀ ਬਹੁਤ ਸੁਧਾਰ ਆਇਆ ਹੈ। ਪਰ ਭਾਰਤ ਵਿਚ ਆਬਾਦੀ ਲਗਾਤਾਰ ਵੱਧਦੀ ਜਾ ਰਹੀ ਹੈ। ਇਥੋਂ ਦੀ ਬਹੁਤੀ ਜਨਸੰਖਿਆਂ ਪਿੰਡਾਂ ਵਿਚ ਰਹਿੰਦੀ ਹੈ। ਜਿਥੇ ਨਾਂ ਤਾਂ ਛੋਟੇ ਪਰਿਵਾਰ ਦੀ ਸਿੱਖਿਆ ਦਾ ਪ੍ਰਚਾਰ ਹੀ ਆਮ ਫੈਲ ਸਕਦਾ ਹੈ ਕਿਉਂਕਿ ਟੀ.ਵੀ. ਰੇਡੀਓ ਤੇ ਅਖ਼ਬਾਰ ਘੱਟ ਲੋਕਾਂ ਦੀ ਪਹੁੰਚ ਵਿਚ ਹਨ ਅਤੇ ਨਾ ਹੀ ਲੋਕ ਪੜ੍ਹੇ ਲਿਖੇ ਹਨ। ਦੇਸ਼ ਵਿਚ ਭਾਸ਼ਾ ਵੀ ਇਕ ਨਹੀਂ ਬਲਕਿ ਅਣਗਿਣਤ ਭਾਸ਼ਾਵਾਂ ਹੋਣ ਕਰਕੇ ਵੀ ਇਸ ਪ੍ਰਕਾਰ ਦਾ ਪ੍ਰਭਾਵ ਨਹੀ ਹੋ ਸਕਦਾ। ਭਾਵੇਂ ਪ੍ਰਾਂਤੀ ਸਰਕਾਰਾਂ ਦੁਆਰਾ ਬਹੁਤ ਸਾਰੇ ਢੰਗ ਅਪਣਾਏ ਜਾ ਰਹੇ ਹਨ ਤਾਂ ਕਿ ਪਰਿਵਾਰ ਨੂੰ ਸੀਮਿਤ ਰੱਖਿਆ ਜਾ ਸਕੇ। ਵੱਖ-ਵੱਖ ਢੰਗਾਂ ਨਾਲ ਛੋਟੇ ਪਰਿਵਾਰ ਦੇ ਫਾਇਦੇ ਦੱਸੇ ਜਾਂਦੇ ਹਨ ਪਰ ਅਨਪੜ੍ਹ ਲੋਕਾਂ ਦੀ ਵਿਚਾਰਧਾਰਾ ਨੂੰ ਬਦਲਣਾ ਕਾਫ਼ੀ ਔਖਾ ਹੁੰਦਾ ਹੈ। ਫਿਰ ਵੀ ਇਹ ਪਰਿਵਰਤਨ ਹੌਲੀ ਹੌਲੀ ਹੋ ਰਿਹਾ ਹੈ।

**ਆਪਣਾ ਗਿਆਨ ਪਰਖੋ**

(ੳ) ਜਨਸੰਖਿਆ ਸਮਾਜਿਕ ਪਰਿਵਰਤਨ ਲਿਆਉਣ ਵਿਚ ਕਿਵੇਂ ਸਹਾਈ ਹੁੰਦੀ ਹੈ?

(ਅ) ਟੀ.ਆਰ. ਮਾਲਥਸ ਦੇ ਆਬਾਦੀ ਦੇ ਕੀ ਨਿਯਮ ਹਨ?

(ੲ) ਪਰੀਵੈਨਟਿਵ ਚੈਕਸ ਤੋਂ ਕੀ ਭਾਵ ਹੈ?

## 3.3 ਸੰਸਕ੍ਰਿਤਿਕ ਕਾਰਕ (cultural factors)

ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਸਮਾਜਿਕ ਪਰਿਵਰਤਨ ਲਈ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ ਬਲਕਿ ਕਈ ਤਰ੍ਹਾਂ ਦੇ ਕਾਰਕਾਂ ਕਾਰਨ ਜੀਵਨ ਦੇ ਹਰੇਕ ਪੱਖ ਵਿਚ ਤਬਦੀਲੀ ਆਉਣ ਨਾਲ ਹੀ ਸਮਾਜਿਕ ਪਰਿਵਰਤਨ ਆਉਂਦਾ ਹੈ। ਵੱਖ ਵੱਖ ਵਿਗਿਆਨੀਆਂ ਦੀ ਰਾਏ ਵਿਚ ਸਮਾਜਿਕ ਪਰਿਵਰਤਨ ਲਿਆਉਣ ਵਿਚ ਵੱਖ-ਵੱਖ ਕਾਰਕ ਸਹਾਈ ਹੁੰਦੇ ਹਨ। ਜਿਵੇਂ ਉੱਘੇ ਇਨਕਲਾਬੀ ਕਾਰਲ ਮਾਰਕਸ ਦਾ ਕਹਿਣਾ ਹੈ ਕਿ ਸਮਾਜਿਕ ਪਰਿਵਰਤਨ ਲਿਆਉਣ ਵਿਚ ਆਰਥਿਕ ਕਾਰਕ ਦਾ ਅਹਿਮ ਰੋਲ ਹੈ। ਔਗਬਰਨ (ogburn) ਲਿਖਦੇ ਹਨ ਕਿ ਟੈਕਨਾਲੋਜੀ ਜਾਂ ਤਕਨੀਕੀ ਕਾਰਕ ਸਮਾਜਿਕ ਪਰਿਵਰਤਨ ਲਿਆਉਣ ਲਈ ਜ਼ਿੰਮੇਵਾਰ ਹਨ। ਮੈਕਸ ਵੈਬਰ ਨੇ ਧਰਮ ਤੇ ਆਰਥਿਕ ਸੰਸਥਾਵਾਂ ਦੀ ਤੁਲਨਾ ਕਰਕੇ ਇਸ ਗੱਲ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਸਾਡੀਆਂ ਕਦਰਾਂ ਕੀਮਤਾਂ ਜਾਂ ਸਾਡੀ ਸੰਸਕ੍ਰਿਤੀ ਸਾਡੀ ਵਿਚਾਰਧਾਰਾ ਨੂੰ ਕਾਬੂ ਕਰਦੀ ਹੈ। ਇਸ ਸੰਸਕ੍ਰਿਤੀ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਸਾਡੇ ਸਮਾਜਿਕ ਰਿਸ਼ਤਿਆਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਾਡੇ ਮੁੱਲ ਕਦਰਾਂ ਕੀਮਤਾਂ, ਵਿਚਾਰ ਧਾਰਾਵਾਂ, ਸਾਡੇ ਰਹਿਣ ਸਹਿਣ ਦੇ ਢੰਗ ਬੋਲਚਾਲ ਦਾ ਤਰੀਕਾ ਜਿਨ੍ਹਾਂ ਸਭ ਨੂੰ ਅਸੀਂ ਸੰਸਕ੍ਰਿਤੀ ਦਾ ਨਾਂ ਦਿੰਦੇ ਹਾਂ, ਦੇ ਬਦਲਣ ਨਾਲ ਸਾਡੀ ਸਮਾਜਿਕ ਜ਼ਿੰਦਗੀ ਦੀ ਤਸਵੀਰ ਹੀ ਬਦਲ ਜਾਂਦੀ ਹੈ। ਸੰਸਕ੍ਰਿਤੀ ਸਮਾਜਿਕ ਪਰਿਵਰਤਨ ਨੂੰ ਦਿਸ਼ਾ ਤੇ ਰਫਤਾਰ ਦਿੰਦੀ ਹੈ ਅਤੇ ਉਸਦੀ ਸੀਮਾ ਜਾਂ ਹੱਦ ਨਿਰਧਾਰਿਤ ਕਰਦੀ ਹੈ ਜਿਸ ਤੋਂ ਬਾਹਰ ਸਮਾਜਿਕ ਪਰਿਵਰਤਨ ਦਾ ਹੋਣਾ ਨਾਮੁਮਕਿਨ ਹੈ। ਜੇਕਰ ਅਸੀਂ ਸਮਾਜਿਕ ਪਰਿਵਰਤਨ ਦੀ ਤੁਲਨਾ ਸੰਸਕ੍ਰਿਤਿਕ ਪਰਿਵਰਤਨ ਨਾਲ ਕਰੀਏ ਤਾਂ ਵੇਖਦੇ ਹਾਂ ਕਿ ਸੰਸਕ੍ਰਿਤਿਕ ਪਰਿਵਰਤਨ ਦੇ ਮੁਕਾਬਲੇ ਸਮਾਜਿਕ ਪਰਿਵਰਤਨ ਦਾ ਖੇਤਰ ਸੀਮਿਤ ਹੁੰਦਾ ਹੈ।

ਮੈਕਸ ਵੈਬਰ ਦਾ ਵਿਚਾਰ ਇਹ ਹੈ ਕਿ ਆਧੁਨਿਕ ਸਰਮਾਏਦਾਰੀ ਦੀ ਪ੍ਰਗਤੀ ਪ੍ਰੋਟੈਸਟੈਂਟ (protestant) ਸੁਧਾਰਾਂ ਖਾਸ ਕਰਕੇ ਕੈਲਵੇਨਿਜ਼ਮ (calvinisam) ਦੀ ਦੇਣ ਹੈ। ਕੈਥੋਲਿਕ ਧਰਮ ਦੇ ਲੋਕਾਂ ਦਾ ਧਿਆਨ ਕੰਮ ਜਾਂ ਮਿਹਨਤ ਕਰਨ ਵੱਲ ਨਾ ਹੋ ਕੇ ਆਰਾਮ ਪ੍ਰਸਤੀ ਵੱਲ ਜ਼ਿਆਦਾ ਸੀ। ਉਨ੍ਹਾਂ ਅਨੁਸਾਰ ਕੰਮ ਕਰਨ ਜਾਂ ਮਿਹਨਤ ਕਰਨੀ ਇਕ ਬੋਝ, ਸਜਾ ਤੇ ਗੁਨਾਹ ਦੀ ਤਰ੍ਹਾਂ ਸੀ। ਉਹ ਸੋਚਦੇ ਸਨ ਕਿ ਇਨਸਾਨ ਨੂੰ ਆਰਾਮ ਦੀ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ। ਪਰ ਪ੍ਰੋਟੈਸਟ ਧਰਮ ਨੂੰ ਅਪਨਾਉਣ ਵਾਲੇ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਕੰਮ ਬੋਝ, ਸਜ਼ਾ ਜਾਂ ਗੁਨਾਹ ਨਹੀਂ ਬਲਕਿ ਇਹ ਤਾਂ ਨੈਤਿਕ ਉੱਚਤਾ ਹੈ, ਇਕ ਸਦਗੁਣ ਹੈ (work is a virtue) ਇਸ ਲਈ ਇਨਸਾਨ ਨੂੰ ਆਪਣੇ ਫਾਇਦੇ ਲਈ ਜਾਂ ਭਲਾਈ ਲਈ ਕੰਮ ਤੇ ਮਿਹਨਤ ਨੂੰ ਅਪਨਾਉਣਾ ਚਾਹੀਦਾ ਹੈ। ਕੈਲਵਿਨਿਜ਼ਮ ਦਾ ਮੰਨਣਾ ਸੀ ਕਿ ਜਿੰਨੀ ਵੀ ਸਫ਼ਲਤਾ ਨਾਲ ਤੁਸੀਂ ਆਪਣੇ ਕਿੱਤੇ ਨੂੰ ਕਰਦੇ ਜਾਂ ਨਿਭਾਉਂਦੇ ਹੋ ਉਨ੍ਹਾਂ ਹੀ ਤੁਸੀ ਸਵਰਗ ਦੇ ਹੱਕਦਾਰ ਹੁੰਦੇ ਜਾਂਦੇ ਹੋ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਭਾਵੇਂ ਤੁਹਾਡਾ ਕੰਮ ਜਾਂ ਕਿੱਤਾ ਤੁਹਾਡੇ ਨਿੱਜੀ ਆਰਥਿਕ ਲਾਭ ਲਈ ਹੋਵੇ ਪਰ ਫਿਰ ਵੀ ਉਸ ਨੂੰ ਅਥਾਹ ਮਿਹਨਤ ਤੇ ਲਗਨ ਨਾਲ ਕਰਨਾ ਚਾਹੀਦਾ ਹੈ।

ਕੈਲਵੈਨਿਜ਼ਮ ਨੇ ਈਸਾਈਆਂ ਦੀ ਕਰਜ਼ਿਆਂ ਉਤੇ ਵਿਆਜ਼ ਵਸੂਲਣ ਦੀ ਵਿਚਾਰਧਾਰਾ ਨੂੰ ਹੀ ਬਦਲ ਦਿਤਾ। ਕੈਥੋਲਿਕ ਧਰਮ ਦੇ ਅਨੁਯਾਯੀ ਸੂਦ ਜਾਂ ਵਿਆਜ ਲੈਣ ਨੂੰ ਪਾਪ ਸਮਝਦੇ ਸੀ ਜਿਸ ਕਰਕੇ ਲੋਕਾਂ ਵਿਚ ਧਨ ਇਕੱਠਾ ਕਰਨ ਅਤੇ ਉਸਨੂੰ ਵਿਆਜ ਤੇ ਦੇਣ ਦੀ ਖੁਲ੍ਹ ਨਹੀਂ ਸੀ ਇਸ ਕਰਕੇ ਵਿਉਪਾਰ ਵਿਚ ਵਾਧਾ ਨਹੀਂ ਸੀ ਹੁੰਦਾ ਤੇ ਨਾ ਹੀ ਸਮਾਜ ਤਰੱਕੀ ਕਰਦਾ ਸੀ। ਪਰ ਕੈਲਵਿਨਿਜ਼ਮ ਨੇ ਵਿਆਜ ਲੈਣ ਲਈ ਖੁਲ੍ਹ ਦੇ ਦਿੱਤੀ ਜਿਸ ਨਾਲ ਲੋਕਾਂ ਦੀ ਵਿਚਾਰਧਾਰਾ (ਖਾਸ ਕਰਕੇ ਪ੍ਰੋਟੈਸਟੈਂਟ ਧਰਮ ਵਾਲੇ ਲੋਕ) ਵਿਚ ਬਹੁਤ ਫਰਕ ਆਇਆ। ਲੋਕਾਂ ਨੇ ਧਨ ਇਕੱਠਾ ਕਰਕੇ ਵਿਆਜ ਤੇ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਦਾ ਵਿਉਪਾਰ ਅਤੇ ਪੈਸੇ ਵਲ ਰੁਝਾਨ ਵੱਧ ਗਿਆ ਅਤੇ ਉਨ੍ਹਾਂ ਨੇ ਨਵਾਂ ਵਿਉਪਾਰ ਕਰਨ ਵਾਲਿਆਂ ਨੂੰ ਵਿਆਜ ਤੇ ਪੈਸੇ ਦੇਣਾ ਸ਼ੁਰੂ ਕਰ ਦਿਤਾ। ਆਧੁਨਿਕ ਪੂੰਜੀਵਾਦ ਦੀ ਪ੍ਰਗਤੀ ਲਈ ਦੂਸਰਾ ਮਹੱਤਵਪੂਰਨ ਯੋਗਦਾਨ ਜੋ ਪਰੋਟੈਸਟੈਟ ਨੇ ਪਾਇਆ ਉਹ ਸੀ ਉਨ੍ਹਾਂ ਦਾ ਕਠਿਨ (austere) ਜੀਵਨ ਪ੍ਰਤੀ ਆਸ਼ਾ ਜਨਕ ਰਵੱਈਆ। ਜਿਸ ਨਾਲ ਉਨ੍ਹਾਂ ਨੇ ਜੋ ਪੈਸਾ ਸ਼ਰਾਬ ਪੀਣ ਵਿਚ ਵਿਅਰਥ ਗਵਾ ਦਿੱਤਾ ਜਾਂਦਾ ਸੀ ਉਸਨੂੰ ਜੋੜ ਕੇ ਪੂੰਜੀ ਜਮਾਂ ਕੀਤੀ ਜਾਣ ਲੱਗੀ।

ਇਕ ਹੋਰ ਮਹੱਤਵਪੂਰਨ ਪੱਖ ਜਿਸਨੇ ਲੋਕਾਂ ਦੀ ਵਿਚਾਰਧਾਰਾ ਨੂੰ ਬਦਲਿਆ ਉਹ ਸੀ ਪੜ੍ਹਾਈ ਲਿਖਾਈ ਨੂੰ ਉਤਸ਼ਾਹਿਤ ਕਰਨਾ। ਪਰੋਟੈਸਟੈਂਟ ਨੇ ਵਲ ਪੂਰਵਕ ਪ੍ਰਚਾਰ ਕੀਤਾ ਕਿ ਹਰ ਆਦਮੀ ਨੂੰ ਘੱਟੋ-ਘੱਟ ਬਾਈਬਲ ਜ਼ਰੂਰ ਪੜ੍ਹਨੀ ਆਉਣੀ ਚਾਹੀਦੀ ਹੈ। ਜਿਸ ਦਾ ਅਸਰ

ਇਹ ਹੋਇਆ ਕਿ ਬਾਈਬਲ ਦਾ ਉੱਲਥਾ ਬਹੁਤ ਸਾਰੀਆਂ ਯੂਰਪੀਅਨ ਭਾਸ਼ਾਵਾਂ ਵਿਚ ਹੋ ਗਿਆ ਅਤੇ ਜਨਤਾ ਵਿਚ ਪੜ੍ਹਾਈ ਦੀ ਰੁੱਚੀ ਪੈਦਾ ਹੋ ਗਈ। ਅੱਜਕਲ੍ਹ ਜੋ ਆਧੁਨਿਕ ਉਦਯੋਗਿਕ ਸਮਾਜ ਵਿਚ ਸਾਖਸਰਤਾ ਦੀ ਪ੍ਰਥਾ ਚਲੀ ਹੈ ਉਹ ਇਸੇ ਦੀ ਦੇਣ ਹੈ। ਇਸ ਦੇ ਨਾਲ ਪਰੋਟੈਸਟੈਂਟ ਨੇ ਛੁੱਟੀਆਂ ਪ੍ਰਤੀ ਵੀ ਸਖਤ ਰਵੱਈਆ ਇਖਤਿਆਰ ਕੀਤਾ। ਉਨ੍ਹਾਂ ਨੇ ਛੁੱਟੀਆਂ ਦੀ ਹਮਾਇਤ ਨਾ ਕੀਤੀ। ਕੈਥੋਲਿਕਸ ਦਾ ਵਿਚਾਰ ਸੀ ਕਿ ਲੋਕਾਂ ਨੂੰ ਛੁੱਟੀ ਵਾਲੇ ਦਿਨ ਪ੍ਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਅਤੇ ਧਾਰਮਿਕ ਕਾਰਜ ਕਰਨੇ ਚਾਹੀਦੇ ਹਨ, ਪਰ ਲੋਕਾਂ ਦਾ ਕੰਮ ਅਤੇ ਮਿਹਨਤ ਪ੍ਰਤੀ ਰਵੱਈਆ ਹੋ ਜਾਣ ਕਰਕੇ ਪਰੋਟੇਸਟੈਂਟ ਨੇ ਛੁੱਟੀਆਂ ਨੂੰ ਉਤਸ਼ਾਹਿਤ ਨਾ ਕੀਤਾ। ਜੇਕਰ ਭਾਰਤ ਦੀ ਉਦਾਹਰਣ ਲੈ ਕੇ ਤੱਥ ਨੂੰ ਘੋਖਿਆ ਜਾਵੇ ਤਾਂ ਅਸੀਂ ਵੇਖਦੇ ਹਾਂ ਕਿ ਸਾਡੀ ਨੈਤਿਕਤਾ ਵਿਚ ਅਣਗਿਣਤ ਛੁੱਟੀਆਂ ਨੂੰ ਮਹੱਤਤਾ ਦਿੱਤੀ ਜਾਂਦੀ ਹੈ, ਜਿਸ ਨਾਲ ਸਾਡੇ ਦੇਸ਼ ਦੀ ਰਾਸ਼ਟਰੀ ਉਪਜ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਸਮਾਜ ਦੀ ਤਰੱਕੀ ਹੌਲੀ ਹੁੰਦੀ ਹੈ।

**ਮੈਕਸ ਵੈਬਰ** ਨੇ ਅਮਰੀਕਨ ਵਿਦਵਾਨ **ਬੈਨਜਾਮਿਨ ਫਰੈਂਕਲਿਨ** (Benjamin Franklin) ਦੀਆਂ ਅਖਾਉਤਾਂ ਦਾ ਜਦੋਂ ਵਿਸ਼ਲੇਸ਼ਣ ਕੀਤਾ ਤਾਂ ਦੇਖਿਆ ਕਿ ਇਹ ਸਾਰੀਆਂ ਹੀ ਸਰਮਾਏਦਾਰੀ ਦੇ ਵਿਕਾਸ ਲਈ ਸਹਾਈ ਹੋ ਰਹੀਆਂ ਹਨ। ਜਿਨ੍ਹਾਂ ਦੇਸ਼ਾਂ ਵਿਚ ਪਰੋਟੈਸਟੈਂਟ ਦਾ ਧਰਮ ਹੈ ਜਿਵੇਂ ਕਿ ਯੂ.ਕੇ. ਅਤੇ ਯੂ.ਐਸ.ਏ.ਆਦਿ ਉਨ੍ਹਾਂ ਦੇਸ਼ਾਂ ਵਿਚ ਪੂੰਜੀਵਾਦ ਬੜੀ ਤੇਜ਼ੀ ਨਾਲ ਆਇਆ ਕਿਉਂਕਿ ਲੋਕਾਂ ਦਾ ਕੰਮ ਪ੍ਰਤੀ ਰਵੱਈਆ ਬਦਲ ਗਿਆ ਸੀ। **ਬੈਨਜਾਮਿਨ ਫਰੈਂਕਲਿਨ** ਦਾ ਕਹਿਣਾ ਸੀ ਕਿ :-

(i) ਈਮਾਨਦਾਰੀ ਸਭ ਤੋਂ ਵੱਡੀ ਚੀਜ਼ ਹੈ। (Honesty is the best policy)

(ii) ਇਕ ਪੈਸਾ ਬਚਾਇਆ ਸਮਝੋ ਕਿ ਇਕ ਪੈਸਾ ਕਮਾਇਆ (A penny saved is a penny earned)

(iii) ਸਮਾਂ ਕੀਮਤੀ ਹੈ। (Time is money)

(iv) ਕੰਮ ਸਦਗੁਣ ਹੈ। (Work is virtue)

ਇਹੋ ਜਿਹੇ ਪ੍ਰਚਾਰ ਨੇ ਲੋਕਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਬਦਲ ਦਿੱਤਾ। ਉਨ੍ਹਾਂ ਦਾ ਕੰਮ ਪ੍ਰਤੀ, ਸਮੇਂ ਪ੍ਰਤੀ ਅਤੇ ਪੈਸੇ ਦੀ ਬੱਚਤ ਪ੍ਰਤੀ ਨਜ਼ਰੀਆ ਬਦਲ ਗਿਆ। ਇਸ ਨਾਲ ਰਾਸ਼ਟਰ ਅਤੇ ਸਮਾਜ ਤਰੱਕੀ ਦੇ ਰਾਹ ਤੇ ਤੁਰ ਪਏ। ਪਰ ਦੂਸਰੇ ਪਾਸੇ ਉਹ ਦੇਸ਼ ਜਿਥੇ ਕੈਥੋਲਿਕ ਧਰਮ ਦਾ ਬੋਲਬਾਲਾ ਸੀ ਜਿਵੇਂ ਇਟਲੀ ਅਤੇ ਸਪੇਨ ਆਦਿ, ਉਥੇ ਉਦਯੋਗਿਕ ਇਨਕਲਾਬ ਨਹੀਂ ਆ ਸਕਿਆ। ਪਰ ਜਰਮਨੀ ਵਰਗੇ ਦੇਸ਼ ਜਿੱਥੇ ਦੋਵੇਂ ਧਰਮਾਂ ਦੇ ਲੋਕ ਸਨ ਉੱਥੇ ਸਿਰਫ ਪ੍ਰੋਟੈਸਟੈਂਟ ਨੇ ਹੀ ਸਰਮਾਏ ਦਾਰੀ ਨੂੰ ਵਧਾਇਆ।

**ਮੈਕਸ ਵੈਬਰ** ਨੇ ਸਰਮਾਏਦਾਰੀ ਦੇ ਪਰੰਪਚ (Phenomenon) ਨੂੰ ਸਮਝਣ ਲਈ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਉਸਦਾ ਕਹਿਣਾ ਹੈ ਕਿ ਵਿਚਾਰ (ideas) , ਉਦੇਸ਼ਾਂ (Ideals) , ਕੰਮ ਪ੍ਰਤੀ ਰਵੱਈਆ (attitude towards work) ਬੱਚਤ (Saving) ਅਤੇ ਤੁਹਾਡਾ ਜੀਵਨ ਬਹੁਤ ਮਹੱਤਵਪੂਰਨ ਹਨ ਜਿਹੜੀਆਂ ਕਿ ਆਰਥਿਕ ਪਸਾਰੇ ਲਈ ਲੋੜੀਂਦੀਆਂ ਹਨ, ਪਰ ਇਸਦਾ ਮਤਲਬ ਇਹ ਨਹੀਂ ਕਿ ਟੈਕਨਾਲੋਜੀਕਲ, ਜਨਸੰਖਿਅਕ, ਆਰਥਿਕ ਅਤੇ ਵਿਧਾਇਕੀ ਕਾਰਕਾਂ ਦੀ ਕੋਈ ਮਹੱਤਤਾ ਨਹੀਂ ਉਸਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਭਾਵੇਂ ਧਰਮ ਵਿਚ ਤਬਦੀਲੀ ਨਾ ਵੀ ਆਵੇ ਪਰ ਜੇਕਰ ਵਿਚਾਰ ਤੇ ਉਦੇਸ਼ ਬਦਲ ਜਾਣ, ਸਮੇਂ ਤੇ ਪੈਸੇ ਦੀ ਬੱਚਤ ਕੀਤੀ ਜਾਵੇ ਤਾਂ ਆਰਥਿਕ ਸੁਧਾਰ ਹੋ ਸਕਦੇ ਹਨ। ਜਪਾਨ ਅਤੇ ਰੂਸ ਦੀਆਂ ਉਦਾਹਰਣਾਂ ਲੈ ਕੇ ਉਨ੍ਹਾਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਇਨ੍ਹਾਂ ਦੇਸ਼ਾਂ ਵਿਚ ਬੇਸ਼ੱਕ ਧਰਮ ਨਹੀਂ ਬਦਲਿਆ ਪਰ ਇਥੇ ਆਰਥਿਕ ਤਰੱਕੀ ਬਹੁਤ ਹੋਈ ਵੈਬਰ ਦਾ ਵਿਚਾਰ ਸੀ ਕਿ ਜੇਕਰ ਸਿਰਫ ਇਸ ਵਿਚਾਰਧਾਰਾ ਨੂੰ ਲੈ ਕੇ ਕੰਮ ਕਰਦੇ ਰਹਿਣ ਕਿ ਜੋ ਉਨ੍ਹਾਂ ਦੀ ਕਿਸਮਤ ਵਿਚ ਲਿਖਿਆ ਹੈ ਉਹ ਉਨ੍ਹਾਂ ਨੂੰ ਮਿਲ ਹੀ ਜਾਵੇਗਾ, ਜਾਂ ਜੋ ਉਨ੍ਹਾਂ ਦੇ ਪਿਤਾ ਪੁਰਖੀ ਕਰਦੇ ਆ ਰਹੇ ਹਨ ਉਹ ਹੀ ਕਿੱਤਾ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ, ਤਾਂ ਆਰਥਿਕ ਵਿਕਾਸ ਨਹੀਂ ਹੋ ਸਕਦਾ। ਤਰੱਕੀ ਯਾਫਤਾਂ ਦੇਸ਼ਾਂ ਦੀ ਇਹ ਖਾਸੀਅਤ ਹੈ ਕਿ ਉਹ ਟੈਕਨਾਲੋਜੀ ਦੀਆਂ ਨਵੀਆਂ ਕਾਢਾਂ ਨੂੰ ਸਵੀਕਾਰੇ ਤੇ ਪੁਰਾਣੀਆਂ ਨੂੰ ਛੱਡਦੀ ਰਹੇ। ਭਾਰਤ ਵਿਚ ਵੀ ਪਿਤਾ ਪੁਰਖੀ ਕਿੱਤੇ ਨੂੰ ਅਪਨਾਉਣ ਦੀ ਰਵਾਇਤ ਰਹੀ ਹੈ, ਚਾਹੇ ਹੁਣ ਇਸ ਵਿਚ ਕਾਫੀ ਪਰਿਵਰਤਨ ਆ ਰਿਹਾ ਹੈ। ਦੂਜੀ ਗੱਲ ਭਾਰਤੀ ਵਿਉਪਾਰੀ ਬਹੁਤ ਦੂਰ-ਅੰਦੇਸ਼ ਨਹੀਂ ਅਤੇ ਬਹੁਤ ਜਲਦ ਫਾਇਦਾ ਹੋਣ ਬਾਰੇ ਸੋਚਦੇ ਹਨ। ਥੋੜੇ ਸਮੇਂ ਵਿਚ ਛੇਤੀ ਤੋਂ ਛੇਤੀ ਬਹੁਤ ਜ਼ਿਆਦਾ ਧਨ ਇਕੱਤਰ ਕਰਨਾ ਉਨ੍ਹਾਂ ਦਾ ਮਕਸਦ ਹੈ। ਇਸੇ ਲਈ ਲੋਕ ਲਾਟਰੀਆਂ ਅਤੇ ਮੁਨਾਫ਼ਾ ਸਕੀਮਾਂ ਵਿਚ ਪੈਸਾ ਲਾਉਣ ਦੇ ਇਛੁਕ ਰਹਿੰਦੇ ਹਨ ਕਿ ਧਨ ਬਿਨਾਂ ਕਿਸੇ ਮਿਹਨਤ ਅਤੇ ਕੰਮ ਦੇ ਇਕੱਠਾ ਕੀਤਾ ਜਾ ਸਕੇ ਇਸੇ ਨਿਕਟ ਦ੍ਰਿਸ਼ਟੀ ਦੇ ਅਧੀਨ ਪੱਛੜੀਆਂ ਸ਼੍ਰੇਣੀਆਂ ਅਤੇ ਜਾਤਾਂ ਦੇ ਲੋਕ ਆਪਣੇ ਅੱਠ-ਦੱਸ ਸਾਲ ਦੇ ਬੱਚਿਆਂ ਨੂੰ ਕਮਾਈ ਲਈ ਕੰਮ ਤੇ ਭੇਜ ਦਿੰਦੇ ਹਨ। ਜਿਸ ਨਾਲ ਬੱਚਿਆਂ ਦੀ ਪੜ੍ਹਾਈ ਤੇ ਉਨ੍ਹਾਂ ਦਾ ਵਿਕਾਸ ਰੁਕ ਜਾਂਦਾ ਹੈ। ਉਨ੍ਹਾਂ ਦੀਆਂ ਬਹੁਤ ਵੱਡੀਆਂ ਖੁਹਾਇਸ਼ਾਂ ਜਾਂ ਟੀਚੇ ਨਹੀਂ ਰਹਿੰਦੇ। ਇਸ ਤਰ੍ਹਾਂ ਦਾ ਵਤੀਰਾ ਉਨ੍ਹਾਂ ਨੂੰ ਸਿਰਫ ਗਰੀਬੀ ਵੱਲ ਹੀ ਲਿਜਾ ਸਕਦਾ ਹੈ। ਦੂਜੇ ਹੱਥ, ਜੇਕਰ ਸਾਡਾ ਮਕਸਦ ਤਤਕਾਲ ਮੁਨਾਫ਼ੇ ਵੱਲੋਂ ਹੱਟ ਜਾਏ ਅਸੀਂ ਦੂਰ ਦਰਾਜ ਦੀ ਸੋਚੀਏ ਤਾਂ ਅਸੀਂ ਉੱਨਤੀ ਕਰ ਸਕਦੇ ਹਾਂ। ਇਸ ਤਰ੍ਹਾਂ ਦੂਰ ਅੰਦੇਸ਼ੀ ਵੱਡੇ ਵੱਡੇ ਉਦਯੋਗ ਲਗਾਉਣ ਲਈ ਜ਼ਰੂਰੀ ਹੈ ਅਤੇ ਇਹ ਵੱਡੇ ਉਦਯੋਗ ਕੁਝ ਸਮਾਂ ਪਾ ਕੇ ਹੀ ਫਾਇਦੇਮੰਦ ਸਾਬਿਤ ਹੁੰਦੇ ਹਨ। ਵਿਕਾਸਸ਼ੀਲ ਦੇਸ਼ਾਂ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉੱਥੇ ਲੋਕਾਂ ਨੂੰ ਸੁਰੱਖਿਅਤਾ ਅਤੇ ਨਿਸ਼ਚਿਤਤਾ ਦੀ ਇੱਛਾ ਹੁੰਦੀ ਹੈ, ਇਸ ਕਰਕੇ ਪੜ੍ਹੇ-ਲਿਖੇ ਅਤੇ ਅਨਪੜ੍ਹ ਲੋਕ ਵੀ ਸਰਕਾਰੀ ਨੌਕਰੀਆਂ

ਦੀ ਭਾਲ ਵਿਚ ਰਹਿੰਦੇ ਹਨ ਕਿਉਂਕਿ ਸਰਕਾਰੀ ਨੌਕਰੀ ਵਿਚ ਕੋਈ ਘਾਟਾ ਹੋਣ ਦਾ ਖਤਰਾ ਨਹੀਂ ਹੁੰਦਾ, ਭਾਵੇਂ ਇਹ ਬਹੁਤ ਪੈਸੇ ਜਾਂ ਫਾਇਦੇ ਵਾਲੀ ਨਹੀਂ ਹੁੰਦੀ ਪਰ ਇਸ ਵਿਚ ਸੁਰੱਖਿਅਤਾ ਹੁੰਦੀ ਹੈ ਇਸਦੇ ਉਲਟ ਆਰਥਿਕ ਵਿਕਾਸ ਦੀ ਖਾਸੀਅਤ ਇਹ ਹੈ ਕਿ ਘਾਟੇ ਵਾਧੇ ਬਾਰੇ ਨਾ ਸੋਚਿਆ ਜਾਵੇ ਤੇ ਜੋਖਮ ਉਠਾਏ ਜਾਣ। ਇਹ ਸਭ ਦੇ ਨਾਲ ਨਾਲ ਵਿਅਕਤੀਵਾਦਤਾ (individualism) ਨੂੰ ਛੱਡ ਕੇ ਦੂਜੇ ਲੋਕਾਂ ਨਾਲ ਮਿਲ ਕੇ (Colaborate) ਕੰਮ ਕਰਨ ਦੀ ਖੁਹਾਇਸ਼ ਅਤੇ ਕੁਝ ਨਿਯਮਾਂ ਤੇ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਆਧੁਨਿਕ ਸਮਾਜਿਕ ਤੇ ਆਰਥਿਕ ਜੀਵਨ ਦੂਜੀਆਂ ਨਾਲ ਸਾਂਝ ਤੇ ਨਿਰਭਰ ਹੁੰਦਾ ਹੈ ਅਤੇ ਕੁਝ ਨਿਯਮਾਂ ਦੀ ਪਾਲਣਾ ਕਰਦਾ ਹੈ, ਪਰ ਭਾਰਤ ਵਿਚ ਆਮ ਤੌਰ ਤੇ ਲੋਕ ਉਨ੍ਹਾਂ ਲੋਕਾਂ ਨਾਲ ਹੀ ਸਾਂਝ ਕਰਦੇ ਹਨ ਜਿਹੜੇ ਉਹਨਾਂ ਦੀ ਆਪਣੀ ਜਾਤ ਅਤੇ ਧਰਮ ਦੇ ਹੁੰਦੇ ਹਨ, ਅਤੇ ਉਹ ਨਿਯਮਾਂ ਜਾਂ ਆਦੇਸ਼ਾਂ ਦੀ ਪਾਲਣਾ ਵੀ ਵੱਡਿਆਂ ਤੋਂ ਸਜਾ ਮਿਲਣ ਦੇ ਡਰ ਨਾਲ ਹੀ ਕਰਦੇ ਹਨ, ਪਰ ਸਮਾਜਿਕ ਪਰਿਵਰਤਨ ਨਾਲ ਲੋਕਾਂ ਦਾ ਨਜ਼ਰੀਆ ਬਦਲ ਗਿਆ ਹੈ ਕਿਉਂਕਿ ਲੋਕ ਫੈਕਟਰੀਆਂ, ਦਫਤਰਾਂ ਅਤੇ ਦੂਸਰੀਆਂ ਜਾਤਾਂ ਦੇ ਲੋਕਾਂ ਨਾਲ ਮਿਲਕੇ ਕੰਮ ਕਰਦੇ ਹਨ ਅਤੇ ਉਹ ਨਿਯਮਾਂ ਦੀ ਪਾਲਣਾ ਵੀ ਵੱਡਿਆਂ ਤੋਂ ਸਜ਼ਾ ਮਿਲਣ ਦੇ ਡਰ ਤੋ ਨਹੀਂ ਕਰਦੇ ਸਗੋਂ ਉਨ੍ਹਾਂ ਦੇ ਅੰਦਰੋਂ ਆਪ ਨਿਕਲਣ ਜਾਂ ਉਪਜਣ ਵਾਲੇ ਅਨੁਸ਼ਾਸ਼ਨ ਦੀ ਸਮਝ ਹੋਣ ਕਰਕੇ ਕਰਦੇ ਹਨ।

ਅੱਜ ਦੇ ਆਧੁਨਿਕ ਜੀਵਨ ਵਿਚ ਸਭ ਕ੍ਰਿਆਵਾਂ ਦੀ ਧਾਰਾ ਸਮੇਂ ਦੇ ਨਾਲ ਜੁੜੀ ਹੋਈ ਹੈ। ਹਰ ਕੰਮ ਘੰਟੇ ਦੀਆਂ ਸੂਈਆਂ ਦੇ ਨਾਲ ਚਲਦਾ ਹੈ। ਇਹੀ ਕਾਰਨ ਹੈ ਕਿ ਬੱਚੇ ਨੂੰ ਵੀ ਬਚਪਨ ਤੋਂ ਹੀ ਸਮੇਂ ਸਿਰ ਕੰਮ ਕਰਨ ਅਤੇ ਅਨੁਸ਼ਾਸਨ ਰੱਖਣ ਤੇ ਬਹੁਤ ਧਿਆਨ ਦਿੱਤਾ ਜਾਂਦਾ ਹੈ। ਜੇਕਰ ਵਿਅਕਤੀਆਂ ਨੂੰ ਸਮੇਂ ਅਤੇ ਅਨੁਸਾਸ਼ਨ ਦੀ ਸਮਝ ਹੀ ਨਾ ਹੋਵੇ ਤਾਂ ਕੋਈ ਵੀ ਸੰਸਥਾ ਠੀਕ ਤਰੀਕੇ ਨਾਲ ਕੰਮ ਨਹੀਂ ਕਰ ਸਕਦੀ। ਇਸ ਤਰੀਕੇ ਨਾਲ ਅਸੀਂ ਵੇਖਦੇ ਹਾਂ ਕਿ ਸੰਸਕ੍ਰਿਤਿਕ ਪਰਿਵਰਤਨ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ ਲੋਕ ਕਿਸੇ ਪ੍ਰਾਪਤੀ ਜਾਂ ਕਿਸੇ ਮਕਸਦ ਨੂੰ ਪੂਰਾ ਕਰਨ ਤੇ ਕਿੰਨਾ ਕੁ ਜ਼ੋਰ ਦਿੰਦੇ ਹਨ। ਜੇਕਰ ਕਿਸੇ ਵਿਅਕਤੀ ਦੇ ਸਾਹਮਣੇ ਕੋਈ ਟੀਚਾ ਪ੍ਰਾਪਤੀ ਜਾਂ ਮਕਸਦ ਹੀ ਨਾ ਹੋਵੇ ਤੇ ਜੇਕਰ ਹੋਵੇ ਵੀ ਤਾਂ ਉਸਨੂੰ ਪੂਰਾ ਕਰਨ ਲਈ ਉਹ ਜ਼ੋਰ ਹੀ ਨਾ ਲਗਾਵੇ ਤਾਂ ਸਮਾਜ ਵਿਚ ਗਿਰਾਵਟ ਅਤੇ ਸਥਿਰਤਾ ਆ ਜਾਂਦੀ ਹੈ ਅਤੇ ਉਹ ਆਰਥਿਕ ਪੱਖੋਂ ਵੀ ਵਿਕਾਸ ਨਹੀ ਕਰ ਸਕਦਾ।

## 3.4 ਸਾਰ

ਉਪਰੋਕਤ ਚਰਚਾ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸਮਾਜਿਕ ਪਰਿਵਰਤਨ ਲਿਆਉਣ ਵਿੱਚ ਜਨਸੰਖਿਆ ਅਤੇ ਸਭਿਆਚਾਰ ਦਾ ਅਹਿਮ ਰੋਲ ਹੈ। ਆਬਾਦੀ ਦੇ ਘਟਣ ਅਤੇ ਵੱਧਣ ਨਾਲ ਸਮਾਜ ਵਿਚ ਬਹੁਤ ਪਰਿਵਰਤਨ ਆਉਂਦਾ ਹੈ। ਆਦਮੀ ਤੇ ਔਰਤ ਦੇ ਅਨੁਪਾਤ ਵਿਚ, ਬੁੱਢੇ ਅਤੇ ਜਵਾਨ ਵਿਚ ਅਤੇ ਇਨ੍ਹਾਂ ਸਭ ਤੇ ਆਪਸੀ ਸੰਬੰਧਾਂ ਵਿਚ ਨਿਰੰਤਰ ਬਦਲਾਓ ਆਉਂਦਾ ਹੈ। ਆਬਾਦੀ ਦਾ ਆਕਾਰ ਤੇ ਇਸਦੀ ਕੁਆਲਟੀ ਦਾ ਸਮਾਜਿਕ ਸੰਗਠਨਾਂ, ਸਾਡੇ ਰੀਤੀ ਰਿਵਾਜ਼ਾਂ, ਸਮਾਜਿਕ ਸੰਸਥਾਵਾਂ, ਸਮੂਹਾਂ ਅਤੇ ਸਾਡੇ ਵਿਰਸੇ ਤੇ ਬਹੁਤ ਫਰਕ ਪੈਂਦਾ ਹੈ। ਆਰਥਿਕ ਸਮੂਹਾਂ ਤੇ ਸੰਸਥਾਵਾਂ ਤੇ ਜਨ ਸੰਖਿਆ ਦਾ ਸਿੱਧਾ ਅਸਰ ਹੁੰਦਾ ਹੈ। ਇਸਦੇ ਨਾਲ ਨਾਲ ਵਿਆਹ ਸੰਬੰਧਾਂ, ਪਰਿਵਾਰਕ ਸੰਬੰਧਾਂ ਅਤੇ ਔਰਤਾਂ ਦੀ ਸਮਾਜਿਕ ਸਥਿਤੀ ਤੇ ਵੀ ਵੱਧ ਰਹੀ ਆਬਾਦੀ ਦਾ ਅਸਰ ਪੈਂਦਾ ਹੈ।

ਦੂਸਰੀ ਗੱਲ ਕਿ ਸਮਾਜਿਕ ਵਿਕਾਸ ਦੇ ਲਈ ਸਾਡੀ ਵਿਚਾਰਧਾਰਾ ਸਾਡੀਆਂ ਕਦਰਾਂ ਕੀਮਤਾਂ, ਸਾਡੇ ਰਹਿਣ-ਸਹਿਣ, ਬੋਲਚਾਲ, ਵਿਵਹਾਰ, ਗੱਲ ਕੀ ਜੀਵਨ ਦੇ ਜੀਉਣ ਧਾਰਾ ਤੇ ਬਹੁਤ ਅਸਰ ਪੈਂਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਅਤੇ ਸਮਾਜਿਕ ਵਿਕਾਸ ਜਾਂ ਪਰਿਵਰਤਨ ਦੋਵੇਂ ਚੀਜ਼ਾਂ ਅੰਤਰ ਸੰਬੰਧਿਤ ਹਨ ਅਤੇ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਗੱਲ ਨਾਲ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਸਾਡਾ ਸਭਿਆਚਾਰ ਵੀ ਦੋ ਤਰ੍ਹਾਂ ਦਾ ਹੈ ਪਦਾਰਥਕ ਅਤੇ ਅਪਦਾਰਥਕ। ਸਾਡੀ ਪਦਾਰਥਕ ਚੀਜ਼ਾਂ ਵਿਚ ਬਹੁਤ ਤੇਜ਼ੀ ਨਾਲ ਬਦਲਾਓ ਆਉਂਦਾ ਹੈ ਪ੍ਰੰਤੂ ਅਪਦਾਰਥਕ ਸਭਿਆਚਾਰ ਭਾਵ ਸਾਡੀ ਵਿਚਾਰਧਾਰਾ ਐਨੀ ਤੇਜ਼ੀ ਨਾਲ ਨਹੀਂ ਬਦਲਦੀ। ਇਸ ਲਈ ਇਨ੍ਹਾਂ ਵਿਚ ਖਿਚੋਤਾਣ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਦੋਹਾਂ ਵਿਚ ਪੱਖਾ ਪੈਦਾ ਹੋ ਜਾਂਦਾ ਹੈ ਜਿਸਨੂੰ ਸੰਸਕ੍ਰਿਤਿਕ ਪਛੜੇਵਾਂ (Cultural lag) ਦਾ ਨਾਂ ਦਿੱਤਾ ਜਾਂਦਾ ਹੈ। ਇਹ ਸਾਰੀਆਂ ਚੀਜ਼ਾਂ ਦਾ ਸਮਾਜ ਉਪਰ ਅਸਰ ਪੈਂਦਾ ਹੈ। ਸੋ ਸਮਾਜਿਕ ਪਰਿਵਰਤਨ ਲਈ ਜਨਸੰਖਿਅਕ ਅਤੇ ਸੰਸਕ੍ਰਿਤਿਕ ਦੋਵੇਂ ਤਰ੍ਹਾਂ ਦੇ ਕਾਰਕ ਜ਼ੁੰਮੇਵਾਰ ਹਨ ਅਤੇ ਇਹ ਆਪਸ ਵਿਚ ਵੀ ਇਕ ਦੂਸਰੇ ਨੂੰ ਪ੍ਰਭਾਵਿਤ ਕਰਦੇ ਹਨ।

## 3.5 ਮੁੱਖ ਸ਼ਬਦ

(ੳ) **ਸਥਾਈ ਸਮਾਜ** : ਇਕ ਥਾਂ ਤੇ ਵਸੇ ਲੋਕ ਜਿਹੜੇ ਤੁਰਦੇ ਫਿਰਦੇ ਨਹੀਂ।

(ਅ) **ਸਮਾਜਿਕ ਵਿਵਸਥਾ** : ਸਮਾਜਿਕ ਸੰਰਚਨਾ ਦੇ ਵੱਖ ਵੱਖ ਤੱਤਾਂ ਵਿਚਕਾਰ ਆਪਸੀ ਤਾਲਮੇਲ

(ੲ) **ਸ਼ਹਿਰੀਕਰਣ** : ਲੋਕਾਂ ਦੇ ਸ਼ਹਿਰ ਵਿਚ ਆ ਕੇ ਵਸਣ ਦੀ ਪ੍ਰਕ੍ਰਿਆ

(ਸ) **ਪ੍ਰੋਟੈਸਟੈਨਟਸ** : ਇਸਾਈਆਂ ਦਾ ਇਕ ਧਰਮ

(ਹ) **ਕੈਲਵੇਨਿਜ਼ਮ** : ਕੈਲਵਿਨ (ਪ੍ਰੋਟੈਸਟੈਂਟ ਧਰਮ ਦਾ ਜਨਮਦਾਤਾ) ਦੁਆਰਾ ਚਲਾਈ ਗਈ ਵਿਚਾਰਧਾਰਾ।

(ਕ) **ਸੰਸਕ੍ਰਿਤਕ ਪਛੜੇਵਾਂ** : ਪਦਾਰਥਕ ਅਤੇ ਅਪਦਾਰਥਕ ਸੰਸਕ੍ਰਿਤੀ ਵਿਚ ਪੈਦਾ ਹੋਣ ਵਾਲਾ ਖੱਪਾ।

### 3.6 ਅਭਿਆਸ ਲਈ ਪ੍ਰਸ਼ਨ

(ੳ) ਸਮਾਜਿਕ ਪਰਿਵਰਤਨ ਤੋਂ ਕੀ ਭਾਵ ਹੈ? ਕੀ ਵਧਦੀ ਹੋਈ ਜਨਸੰਖਿਆ ਦਾ ਇਸ ਨਾਲ ਕੋਈ ਸੰਬੰਧ ਹੈ? ਵਿਸਥਾਰ ਪੂਰਵਕ ਲਿਖੋ।

(ਅ) ਸਮਾਜਿਕ ਪਰਿਵਰਤਨ ਲਿਆਉਣ ਵਿਚ ਸਾਡੀ ਸੰਸਕ੍ਰਿਤੀ ਕਿਵੇਂ ਇਕ ਕਾਰਕ ਵਜੋਂ ਸਹਾਈ ਹੈ? ਬਿਆਨ ਕਰੋ?

(ੲ) ਮੈਕਸ ਵੈਬਰ ਨੇ ਇਸ ਕਥਨ ਨੂੰ ਕਿ ਸਾਡੀਆਂ ਕਦਰਾਂ ਕੀਮਤਾਂ ਅਤੇ ਸਾਡੀ ਸੰਸਕ੍ਰਿਤੀ ਸਾਡੀ ਵਿਚਾਰ ਧਾਰਾ ਨੂੰ ਕਾਬੂ ਕਰਦੀ ਹੈ ਕਿਵੇਂ ਸਿੱਧ ਕੀਤਾ? ਚਰਚਾ ਕਰੋ?

**ਸੰਖੇਪ ਸਵਾਲ**

(ੳ) ਆਬਾਦੀ ਕਿੰਨਾਂ ਸਮਾਜਾਂ ਵਿਚ ਤੇਜ਼ੀ ਨਾਲ ਵੱਧਦੀ ਹੈ ਅਤੇ ਕਿਉਂ?

(ਅ) ਬੈਨਜਾਮਿਨ ਫਰੈਂਕਲਿਨ ਦੀਆਂ ਕਿਹੜੀਆਂ ਅਖੌਤਾਂ ਦਾ ਮੈਕਸ ਵੇਬਰ ਨੇ ਵਿਸ਼ਲੇਸ਼ਣ ਕੀਤਾ?

(ੲ) ਸਮਾਜਿਕ ਪਰਿਵਰਤਨ ਲਈ ਜਨਸੰਖਿਅਕ ਕਾਰਨ ਕਿਵੇਂ ਜ਼ਿੰਮੇਵਾਰ ਹਨ।

### 3.7 ਮਾਡਲ ਉੱਤਰ

(ੳ) ਬੈਨਜਾਮਿਨ ਫਰੈਂਕਲਿਨ ਦੀਆਂ ਕਿਹੜੀਆਂ ਅਖੌਤਾਂ ਦਾ ਮੈਕਸ ਵੇਬਰ ਨੇ ਵਿਸ਼ਲੇਸ਼ਣ ਕੀਤਾ ?

ਉੱਤਰ(i) ਈਮਾਨਦਾਰੀ ਸਭ ਤੋਂ ਵੱਡੀ ਚੀਜ਼ ਹੈ। (Honesty is the best policy)

(ii) ਸਮਾਂ ਕੀਮਤੀ ਹੈ। (Time is money)

(iii) ਕੰਮ ਸਦਗੁਣ ਹੈ। (Work is virtue)

(iv) ਇਕ ਪੈਸਾ ਬਚਾਇਆ ਸਮਝੋ ਕਿ ਇਕ ਪੈਸਾ ਕਮਾਇਆ। (A penny saved is a peany earned)

(ਅ) **ਸਮਾਜਿਕ ਪਰਿਵਰਤਨ ਤੇ ਜਨਸੰਖਿਆ ਕਾਰਕ**

ਜਨਸੰਖਿਆ ਦਾ ਸਮਾਜਿਕ ਤਬਦੀਲੀ ਨਾਲ ਸਿੱਧਾ ਸੰਬੰਧ ਹੈ। ਜਿਵੇਂ ਜਿਵੇਂ ਆਬਾਦੀ ਦਾ ਆਕਾਰ ਅਤੇ ਇਸਦੀ ਮਿਕਦਾਰ ਵੱਧਦੀ ਹੈ ਉਸਦੇ ਨਾਲ ਸਮਾਜ ਵਿਚ ਤੇਜ਼ੀ ਨਾਲ ਪਰਿਵਰਤਨ ਆਉਂਦਾ ਹੈ। ਕਿਉਂਕਿ ਵੱਧ ਰਹੀ ਆਬਾਦੀ ਨਾਲ ਲੋਕਾਂ ਦੀਆਂ ਲੋੜਾਂ ਵੀ ਵੱਧ ਜਾਂਦੀਆਂ ਹਨ ਅਤੇ ਉਸ ਲਈ ਉਤਪਾਦਨ ਵੀ ਵੱਧ ਕਰਨਾ ਪਵੇਗਾ ਜਿਸ ਲਈ ਉਤਪਾਦਨ ਦੇ ਸਾਧਨ ਵੀ ਵੱਧ ਜਾਣਗੇ। ਮਸ਼ਨੀਰੀ, ਕਾਮਿਆਂ ਦੀ ਗਿਣਤੀ ਅਤੇ ਨਿਪੁੰਨਤਾ, ਕਿਰਤ ਵੰਡ, ਅੰਤਰ ਨਿਰਭਰਤਾ ਆਦਿ ਸਭ ਵਿਚ ਵਾਧਾ ਹੋਵੇਗਾ। ਇਸ ਨਾਲ ਅੰਤਰ ਰਾਸ਼ਟਰੀ ਵਿਓਪਾਰ ਵਿਚ ਵੀ ਵਾਧਾ ਹੋਵੇਗਾ। ਇਹ ਸਾਰੀਆਂ ਚੀਜ਼ਾਂ ਇਕ ਦੂਜੇ ਨਾਲ ਅੰਤਰ ਸੰਬੰਧਤ ਹਨ। ਇਹਨਾਂ ਸਾਰੀਆਂ ਚੀਜਾਂ ਦਾ ਲੋਕਾਂ ਦੇ ਜੀਵਨ ਢੰਗ ਤੇ ਬਹੁਤ ਅਸਰ ਪੈਂਦਾ ਹੈ। ਇਸੇ ਤਰੀਕੇ ਨਾਲ ਜੇਕਰ ਕਿਸੇ ਕੁਦਰਤੀ ਕਰੋਪੀ ਜਿਵੇਂ ਕਾਲ, ਭੁੱਖਮਾਰੀ, ਭੂਚਾਲ, ਤੂਫਾਨ, ਹੜ੍ਹ, ਮਹਾਂਮਾਰੀ ਨਾਲ ਲੋਕਾਂ ਦੀ ਗਿਣਤੀ ਘੱਟ ਜਾਵੇ ਤਾਂ ਵੀ ਬਾਕੀ ਸਮਾਜ ਤੇ ਇਸਦਾ ਪ੍ਰਭਾਵ ਪੈਂਦਾ ਹੈ।

(ੲ) **ਸਮਾਜਿਕ ਪਰਿਵਰਤਨ ਦੇ ਸੰਸਕ੍ਰਿਤਕ ਕਾਰਕ :**

ਸਮਾਜਿਕ ਪਰਿਵਰਤਨ ਲਈ ਕੋਈ ਵੀ ਇਕ ਕਾਰਕ (factor) ਜਿੰਮੇਵਾਰ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਕਾਰਕਾਂ ਕਰਕੇ ਸਮਾਜਕ ਤਬਦੀਲੀ ਆਉਂਦੀ ਹੈ। ਦੂਜੇ ਪਾਸੇ ਜੀਵਨ ਦੇ ਕਿਸੇ ਵੀ ਇਕ ਪਹਿਲੂ ਵਿਚ ਆਉਣ ਵਾਲੇ ਬਦਲਾਓ ਨਾਲ ਸਾਰੇ ਪਹਿਲੂਆਂ ਤੇ ਉਸਦਾ ਅਸਰ ਲਾਜ਼ਮੀ ਹੈ। ਮੈਕਸ ਵੇਬਰ ਨੇ ਧਰਮ ਤੇ ਆਰਥਿਕ ਸੰਸਥਾਵਾਂ ਦੀ ਤੁਲਨਾ ਕਰਕੇ ਇਸ ਗੱਲ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਸਾਡੀਆਂ ਕਦਰਾਂ-ਕੀਮਤਾਂ ਤੇ ਨੈਤਿਕਤਾ ਜਾਂ ਸਾਡੀ ਸੰਸਕ੍ਰਿਤੀ ਸਾਡੀ ਵਿਚਾਰਧਾਰਾ ਨੂੰ ਕਾਬੂ ਕਰਦੀ ਹੈ। ਸੰਸਕ੍ਰਿਤੀ ਸਮਾਜਿਕ ਪਰਿਵਰਤਨ ਨੂੰ ਦਿਸ਼ਾ ਤੇ ਰਫਤਾਰ ਦਿੰਦੀ ਹੈ ਅਤੇ ਉਸਦੀ ਸੀਮਾਂ ਜਾਂ ਹੱਦ ਨਿਰਧਾਰਿਤ ਕਰਦੀ ਹੈ ਜਿਸਤੋਂ ਬਾਹਰ ਸਮਾਜਿਕ ਪਰਿਵਰਤਨ ਦਾ ਹੋਣਾ ਮੁਸਕਿਨ ਨਹੀਂ ਹੁੰਦਾ। ਸੰਸਕਿਤੀ ਤੋਂ ਸਾਡਾ ਭਾਵ ਸਾਡੇ ਮੁੱਲ, ਕਦਰਾਂ ਕੀਮਤਾਂ, ਵਿਚਾਰ ਧਾਰਾਵਾਂ, ਸਾਡੇ ਰਹਿਣ ਸਹਿਣ ਦੇ ਢੰਗ, ਬੋਲਚਾਲ ਦਾ ਤਰੀਕਾ, ਸਾਡਾ ਗਿਆਨ ਤੇ ਧਰਮ ਆਦਿ ਸ਼ਾਮਿਲ ਹੁੰਦੇ ਹਨ। ਮੈਕਸ ਵੇਬਰ ਨੇ ਸਰਮਾਏਦਾਰੀ ਦੇ ਪਰਪੰਚ ਨੂੰ ਸਮਝਣ ਲਈ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਉਸਦਾ ਕਹਿਣਾ ਹੈ ਕਿ ਸਾਡੇ ਵਿਚਾਰ, ਉਦੇਸ਼ ਕੰਮ ਪ੍ਰਤੀ ਰਵੱਈਆ, ਬੱਚਤ ਅਤੇ ਤੁਹਾਡਾ ਜੀਵਨ ਬਹੁਤ ਮਹੱਤਵਪੂਰਨ ਹਨ ਜਿਹੜੀਆਂ ਕਿ ਆਰਥਿਕ ਪਸਾਰੇ ਲਈ ਲੋੜੀਂਦੀਆਂ ਹਨ। ਪ੍ਰੋਟੈਸਟੈਂਟ ਐਥਿਕਸ ਐਂਡ ਦਾ ਸਪਿਰਟ ਆਫ ਕੈਪਿਟੇਲਿਜਮ ਵਿਚ ਵੇਬਰ ਨੇ ਇਸੇ ਗੱਲ ਨੂੰ ਬਿਆਨ ਕੀਤਾ ਹੈ।

### 3.8 ਸਹਿਯੋਗੀ ਪੁਸਤਕਾਂ


| | | |
|---|---|---|
| P.Gisbert | : | Fundamentals of Sociology |
| B. Kuppuswamy | : | Social Change in India |
| Giddens | : | Sociology |

ਪਾਠ ਨੰ : 1.4 ਲੇਖਕਾ : ਡਾ.ਹਰਿੰਦਰ ਕੌਰ

# ਸਮਾਜਿਕ ਪਰਿਵਰਤਨ ਦੇ ਤਕਨੀਕੀ ਅਤੇ ਆਰਥਿਕ ਕਾਰਕ
# (Technological and Economic factors of Social change)

ਰੂਪ ਰੇਖਾ

4.0 ਉਦੇਸ਼
4.1 ਜਾਣ ਪਛਾਣ
4.2 ਤਕਨੀਕੀ ਕਾਰਕ
4.2.1 ਨਵੀਆਂ ਕਾਢਾਂ
4.2.2 ਆਵਾਜਾਈ ਦੇ ਸਾਧਨ
4.2.3 ਖੇਤੀਬਾੜੀ ਦੇ ਨਵੇਂ ਸਾਧਨ
4.2.4 ਫੈਕਟਰੀ ਸਿਸਟਮ ਤੇ ਜਾਤਪਾਤ
4.2.5 ਕਿਰਤ ਵੰਡ
4.2.6 ਸ਼੍ਰੇਣੀ ਪ੍ਰਥਾ
4.2.7 ਸ਼ਹਿਰੀਕਰਨ
4.2.8 ਔਰਤ ਦੀ ਸਥਿਤੀ
4.2.9 ਕਦਰਾਂ-ਕੀਮਤਾਂ
4.3 ਆਰਥਿਕ ਕਾਰਕ
4.4 ਸਾਰ
4.5 ਮੁੱਖ ਸ਼ਬਦ
4.6 ਅਭਿਆਸ ਲਈ ਪ੍ਰਸ਼ਨ
4.7 ਮਾਡਲ ਉੱਤਰ
4.8 ਪੁਸਤਕ ਸੂਚੀ

## 4.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਨੂੰ ਨਿਮਨਲਿਖਤ ਜਾਣਕਾਰੀ ਹਾਸਿਲ ਹੋਵੇਗੀ5 :-

- ਤਕਨੀਕੀ ਕਾਰਕ ਦਾ ਸਮਾਜਿਕ ਪਰਿਵਰਤਨ ਲਿਆਉਣ ਵਿਚ ਯੋਗਦਾਨ।
- ਤਕਨੀਕ ਦੁਆਰਾ ਸਮਾਜ ਵਿਚ ਕਿਰਤ ਦੀ ਵੰਡ, ਸ਼ਹਿਰੀਕਰਣ, ਉਦਯੋਗੀਕਰਣ ਦਾ ਨਿਰਮਾਣ।
- ਤਕਨੀਕ ਨੇ ਔਰਤਾਂ ਦੀ ਸਥਿਤੀ, ਪਰਿਵਾਰਕ ਢਾਂਚੇ, ਕਦਰਾਂ ਕੀਮਤਾਂ, ਰਹਿਣ ਸਹਿਣ ਆਦਿ ਵਿਚ ਲਿਆਂਦਾ ਬਦਲਾਓ।
- ਸਮਾਜਿਕ ਪਰਿਵਰਤਨ ਲਿਆਉਣ ਵਿਚ ਆਰਥਿਕ ਕਾਰਕਾਂ ਦੀ ਮਹੱਤਤਾ।

## 4.1 ਜਾਣ-ਪਛਾਣ

ਜਿਵੇਂ ਕਿ ਪਿਛਲੇ ਪਾਠ ਵਿਚ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਮਾਜਿਕ ਪਰਿਵਰਤਨ ਲਿਆਉਣ ਲਈ ਕੋਈ ਇਕ ਕਾਰਕ (factor) ਜ਼ਿੰਮੇਵਾਰ ਨਹੀਂ ਬਲਕਿ ਬਹੁਤ ਸਾਰੇ ਕਾਰਕ ਮਿਲਕੇ ਸਮਾਜ ਦੇ ਵੱਖ-ਵੱਖ ਪਹਿਲੂਆਂ ਤੇ ਪ੍ਰਭਾਵ ਪਾਉਂਦੇ ਹਨ ਅਤੇ ਉਨ੍ਹਾਂ ਵਿਚ ਸਮੇਂ ਨਾਲ ਤਬਦੀਲੀ ਜਾਂ ਪਰਿਵਰਤਨ ਲਿਆਉਣ ਵਿਚ ਸਹਾਈ ਹੁੰਦੇ ਹਨ। ਜਨਸੰਖਿਅਕ ਅਤੇ ਸੰਸਕ੍ਰਿਤਿਕ ਕਾਰਕ (factors) ਸਮਾਜਿਕ ਪਰਿਵਰਤਨ ਲਿਆਉਣ ਲਈ ਕਿਵੇ ਜ਼ਿੰਮੇਵਾਰ ਹਨ, ਦੀ ਜਾਣਕਾਰੀ ਅਸੀਂ ਪਿਛਲੇ ਪਾਠ ਵਿਚ ਹਾਸਿਲ ਕਰ ਚੁੱਕੇ ਹਾਂ। ਇਥੇ ਅਸੀਂ ਤਕਨੀਕੀ ਅਤੇ ਆਰਥਿਕ ਕਾਰਕਾਂ ਦੀ ਜਾਣਕਾਰੀ ਹਾਸਿਲ ਕਰਾਂਗੇ ਕਿ ਇਹ ਦੋਵੇਂ ਕਿਵੇਂ ਸਮਾਜਿਕ ਤਬਦੀਲੀ

ਲਿਆਉਣ ਲਈ ਸਹਾਈ ਹੁੰਦੇ ਹਨ।

## 4.2 ਤਕਨੀਕੀ ਕਾਰਕ (Technological factors) ਦਾ ਅਰਥ

ਤਕਨੀਕ ਨੂੰ ਇਕ ਆਮ ਜਿਹਾ ਸ਼ਬਦ ਸਮਝਿਆ ਜਾਂਦਾ ਹੈ, ਜਿਹੜਾ ਕਿ ਸਾਧਨਾਂ ਅਤੇ ਯੰਤਰਾਂ ਨੂੰ ਇਕੱਠਿਆਂ ਕਰਕੇ ਸੰਪੂਰਨਤਾਂ ਵਿਚ ਪੇਸ਼ ਕਰਦਾ ਹੈ। ਜਿਨ੍ਹਾਂ ਦੁਆਰਾ ਮਨੁੱਖ ਪਦਾਰਥਕ ਚੌਗਿਰਦੇ ਨੂੰ ਕਾਬੂ ਕਰਨ ਦੀ ਜਾਂ ਉਸ ਅਨੁਸਾਰ ਆਪਣੇ ਆਪ ਨੂੰ ਅਨੁਕੂਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਚ ਸਿਰਫ਼ ਮਕਾਨਕੀ ਪਰਕ੍ਰਿਆਵਾਂ ਅਤੇ ਉਨ੍ਹਾਂ ਜੰਤਰਾਂ ਨੂੰ ਵਰਤਣ ਦਾ ਤਰੀਕਾ ਹੀ ਸ਼ਾਮਿਲ ਨਹੀਂ ਹੁੰਦਾ ਜਿਨ੍ਹਾਂ ਨਾਲ ਉਹ ਪਦਾਰਥਾਂ ਨੂੰ ਘੜ੍ਹਦਾ ਹੈ ਬਲਕਿ ਉਹ ਸਾਧਨ ਅਤੇ ਸੰਸਥਾਵਾਂ ਵੀ ਸ਼ਾਮਿਲ ਹੁੰਦੇ ਹਨ ਜਿਵੇਂ ਮੈਨੇਜਮੈਂਟ ਅਤੇ ਕਿਰਤ ਵੰਡ ਜਿਨ੍ਹਾਂ ਨਾਲ ਉਹ ਇਨ੍ਹਾਂ ਪ੍ਰਕ੍ਰਿਆਵਾਂ ਨੂੰ ਪੂਰਾ ਕਰਦਾ ਹੈ। ਪਿਛਲੀਆਂ ਦੋ ਕੁ ਸਦੀਆਂ ਵਿਚ ਤਕਨੀਕ ਨੇ ਜਿਸ ਤੇਜ਼ੀ ਨਾਲ ਉੱਨਤੀ ਕੀਤੀ ਹੈ ਅਤੇ ਆਧੁਨਿਕ ਸਮਾਜ ਵਿਚ ਇਸਨੇ ਜੋ ਮਹੱਤਤਾ ਪਾਈ ਹੈ ਉਸ ਦੀ ਵਿਆਖਿਆ ਇਸ ਗੱਲ ਤੋਂ ਜ਼ਾਹਿਰ ਹੈ ਕਿ ਅਸੀਂ ਅੱਜ ਦੇ ਸਮਾਜ ਨੂੰ ਤਕਨੀਕੀ ਸਭਿਅਤਾ ਦਾ ਨਾਂ ਦਿੰਦੇ ਹਾਂ। ਟੈਕਨਾਲੋਜੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਮਕਾਨਕੀ ਸ਼ਕਤੀ ਨੂੰ ਮਨੁੱਖੀ ਹੱਥਾਂ ਵਿਚ ਇੱਕਤਰ ਕਰਕੇ ਇਸ ਤੋਂ ਪੈਦਾਵਰੀ ਸਿੱਟੇ ਕੱਢੇ ਜਾਂਦੇ ਹਨ।

### 4.2.1 ਨਵੀਆਂ ਕਾਢਾਂ

ਬਹੁਤ ਸਾਰੇ ਦਾਰਸ਼ਨਿਕਾਂ ਦੀ ਮੱਤ ਹੈ ਕਿ ਤਕਨੀਕ ਦੀ ਕਾਢ ਹੀ ਸਮਾਜਿਕ ਅਤੇ ਸੰਸਕ੍ਰਿਤਿਕ ਪਰਿਵਰਤਨ ਨੂੰ ਬਿਆਨ ਕਰਨ ਲਈ ਮੁੱਖ ਕਾਰਕ ਵਜੋਂ ਸਾਹਮਣੇ ਆਉਂਦੀ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਮਿੱਟੀ ਦੇ ਬਰਤਨ ਬਣਾਉਣ ਤੋਂ ਲੈ ਕੇ ਅੱਜ ਤਕ ਦੀ ਐਟਮ ਬੰਬਾਂ ਦੀ ਦੁਨੀਆਂ ਤਕ ਬਹੁਤ ਸਮਾਜਿਕ ਪਰਿਵਰਤਨ ਆਏ। ਬਰਤਨ, ਪਹੀਏ, ਪ੍ਰਿੰਟਿੰਗ ਪ੍ਰੈਸ, ਇੰਜਣ, ਟੈਲੀਫੋਨ, ਰੇਡੀਓ, ਕਾਰਾਂ ਜ਼ਹਾਜ ਅਤੇ ਐਟਮ ਬੰਬਾਂ ਦੀ ਕਾਢ ਨੇ ਸਾਡੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਉਦਾਹਰਣ ਵਜੋਂ ਅਸੀਂ ਜੇਕਰ ਰੇਡੀਓ ਦੀ ਗੱਲ ਕਰੀਏ ਤਾਂ ਭਾਰਤ ਵਰਗੇ ਦੇਸ਼, ਜਿਥੇ ਲੋਕ ਅਨੇਕਾਂ ਭਾਸ਼ਾਵਾਂ ਬੋਲਦੇ ਹਨ, ਵਿਚ ਬੋਲੀ ਦੀ ਇਕਸਾਰਤਾ ਦਾ ਸਾਂਝਾ ਪੱਧਰ ਨਿਰਧਾਰਿਤ ਕੀਤਾ। ਜੇਕਰ ਅਸੀਂ ਮਿੱਟੀ ਦੇ ਬਰਤਨਾਂ ਦੇ ਯੁੱਗ ਤੋਂ ਅੱਜ ਦੇ ਮੌਜੂਦਾ ਯੁੱਗ ਵਲ ਝਾਤ ਮਾਰੀਏ ਤਾਂ ਵੇਖਦੇ ਹਾਂ ਕਿ ਕੁਕਿੰਗ ਗੈਸ ਤਕ ਦਾ ਸਮਾਂ ਦੇਖ ਰਹੇ ਹਾਂ। ਅਨੇਕਾਂ ਪ੍ਰਕਾਰ ਦੀ ਮਿੰਟਾਂ ਵਿਚ ਖਾਣਾ ਬਣਾਉਣ ਵਾਲੇ ਸੰਦ ਉਪਲਬਧ ਹਨ ਜਿਨ੍ਹਾਂ ਨਾਲ ਔਰਤ ਦੀ ਸਮਾਜਿਕ ਜ਼ਿੰਦਗੀ ਵਿਚ ਬਦਲਾਓ ਆਇਆ ਹੈ। ਹੁਣ ਉਹ ਸਿਰਫ਼ ਰਸੋਈ ਵਿਚ ਹੀ ਸਾਰਾ ਸਮਾਂ ਨਹੀਂ ਲਗਾਉਂਦੀ ਬਲਕਿ ਘਰ ਦੀ ਚਾਰ ਦਿਵਾਰੀ ਤੋਂ ਬਾਹਰ ਨੌਕਰੀ ਵੀ ਕਰਦੀ ਹੈ ਅਤੇ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਉਨ੍ਹਾਂ ਦੇ ਵਧੀਆ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀ ਹੈ।

### 4.2.2 ਆਵਾਜਾਈ ਦੇ ਸਾਧਨ

ਸਾਇੰਸ ਦੇ ਨਵੇਂ ਨਵੇਂ ਆਵਿਸ਼ਕਾਰਾਂ ਨਾਲ ਸਾਡੇ ਆਵਾਜਾਈ ਦੇ ਸਾਧਨ ਬਹੁਤ ਸਰਲ ਹੋ ਗਏ। ਲੋਕਾਂ ਵਿਚ ਦੂਰੀ ਘੱਟ ਗਈ। ਦੂਸਰੇ ਦੇਸ਼ਾਂ ਵਿਚ ਵੀ ਅਸੀਂ ਤੇਜ਼ ਰਫਤਾਰ ਨਾਲ ਚਲਣ ਵਾਲੇ ਹਵਾਈ ਜਹਾਜ਼ਾਂ ਰਾਹੀਂ ਮੀਲਾਂ ਦਾ ਸਫਰ ਤੈਅ ਕਰਕੇ ਪਹੁੰਚ ਜਾਂਦੇ ਹਾਂ। ਪੈਦਲ, ਬੈਲ ਗੱਡੀਆਂ, ਰੱਥਾਂ, ਸਾਈਕਲ, ਮੋਟਰ ਸਾਈਕਲ, ਬੱਸਾਂ, ਕਾਰਾਂ ਆਦਿ ਨਾਲ ਅਸੀਂ ਇੱਕ ਲੰਮਾ ਸਫਰ ਤੈਅ ਕੀਤਾ ਹੈ। ਪਰ ਹਰ ਸਮੇਂ ਵਿਚ ਹਰ ਤਬਦੀਲੀ ਨਾਲ ਸਮਾਜਿਕ ਜੀਵਨ ਵਿਚ ਬਦਲਾਓ ਆਉਣਾ ਸੁਭਾਵਿਕ ਰਿਹਾ ਹੈ। ਇਨ੍ਹਾਂ ਸਭ ਕਾਢਾਂ ਨੇ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਲੋਕ 70-80 ਕਿਲੋਮੀਟਰ ਦੀ ਦੂਰੀ ਹਰ ਰੋਜ਼ ਤੈਅ ਕਰਕੇ ਨੌਕਰੀ ਕਰਨ ਜਾਂਦੇ ਹਨ। ਇਨ੍ਹਾਂ ਆਵਾਜਾਈ ਦੇ ਸਾਧਨਾਂ ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਵਿਉਪਾਰ ਵਿਚ ਬਹੁਤ ਵਾਧਾ ਹੋਇਆ ਹੈ ਕਿਉਂਕਿ ਚੀਜ਼ਾਂ ਦੀ ਢੋਆ-ਢੁਆਈ ਆਸਾਨੀ ਨਾਲ ਹੋ ਜਾਂਦੀ ਹੈ। ਅੱਜ ਸੰਸਾਰ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਜਿੱਥੇ ਜ਼ਰੂਰਤ ਦੀ ਹਰ ਚੀਜ਼ ਉਪਲਬਧ ਨਾ ਹੋਵੇ ਆਵਾਜਾਈ ਦੇ ਸਾਧਨਾਂ ਨੇ ਇਕ ਅਹਿਮ ਸਮਾਜਿਕ ਪਰਿਵਰਤਨ ਇਹ ਲਿਆਂਦਾ ਹੈ ਕਿ ਬੱਸਾਂ, ਰੇਲ ਗੱਡੀਆਂ ਵਿਚ ਇਕੱਠੇ ਸਫਰ ਕਰਨ ਨਾਲ ਜਾਤ ਪ੍ਰਥਾ ਨੂੰ ਵੀ ਠੇਸ ਪਹੁੰਚੀ ਹੈ ਸੰਚਾਰ ਸਾਧਨ ਵੀ ਬਹੁਤ ਵੱਧ ਗਏ ਹਨ ਅਤੇ ਇਸਨੇ ਸਾਡੀ ਸਮਾਜਿਕ ਜ਼ਿੰਦਗੀ ਵਿਚ ਬਹੁਤ ਪਰਿਵਰਤਨ ਲਿਆਂਦਾ ਹੈ। ਟੈਲੀਫੋਨ ਅਤੇ ਤਾਰ ਰਾਹੀਂ ਆਪਣੇ ਸੰਦੇਸ਼ ਬਹੁਤ ਜਲਦੀ ਇਕ ਦੂਜੇ ਤਕ ਪਹੁੰਚਾ ਸਕਦੇ ਹਾਂ। ਦੂਰ ਦੁਰਾਡੇ ਬੈਠੇ ਲੋਕਾਂ ਨਾਲ ਜਿੱਥੇ ਅਸੀਂ ਜਾ ਨਹੀਂ ਸਕਦੇ ਘਰ ਬੈਠੇ ਹੀ ਟੈਲੀਫੋਨ ਤੇ ਗੱਲਾਂ ਕਰ ਸਕਦੇ ਹਾਂ ਚਿੱਠੀਆਂ ਅਤੇ ਤਾਰਾਂ ਰਾਹੀਂ ਆਪਣੇ ਸੰਦੇਸ਼ ਉਨ੍ਹਾਂ ਤੱਕ ਪਹੁੰਚਾ ਸਕਦੇ ਹਾਂ।

### 4.2.3 ਖੇਤੀਬਾੜੀ ਦੇ ਨਵੇਂ ਸਾਧਨ

ਆਵਾਜਾਈ ਤੇ ਸੰਚਾਰ ਸਾਧਨਾਂ ਤੋਂ ਇਲਾਵਾ ਖੇਤੀਬਾੜੀ ਦੇ ਨਵੇਂ ਨਵੇਂ ਸਾਧਨਾਂ ਨੇ ਵੀ ਸਮਾਜਿਕ ਪਰਿਵਰਤਨ ਲਿਆਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਖੇਤੀਬਾੜੀ ਦੇ ਨਵੇਂ ਸੰਦਾਂ, ਰਸਾਇਣ ਖਾਦਾਂ ਨਵੀਆਂ ਅਤੇ ਵਧੀਆ ਵਰਾਇਟੀ ਦੇ ਬੀਜ, ਕੀੜੇ ਮਾਰ ਦਵਾਈਆਂ ਨੇ ਖੇਤੀ ਦੀ ਪੈਦਾਵਾਰ ਵਿਚ ਬਹੁਤ ਇਜ਼ਾਫਾ ਕੀਤਾ ਹੈ। ਵੱਖੋ-ਵੱਖ ਕਿਸਮਾਂ ਦੇ ਅਨਾਜ, ਦਾਲਾਂ, ਫਲ, ਸਬਜ਼ੀਆਂ ਆਦਿ ਉਪਲਬੱਧ ਹੋਏ ਹਨ। ਹੜ੍ਹਾਂ ਦੀ ਰੋਕਥਾਮ ਨਾਲ ਵੀ ਪੈਦਾਵਾਰ ਵਿਚ ਵਾਧਾ ਹੋਇਆ ਹੈ। ਵੱਡੇ ਵੱਡੇ ਡੈਮ ਜਿਥੇ ਬਿਜਲੀ ਤਿਆਰ ਕੀਤੀ ਜਾਂਦੀ ਹੈ ਅਤੇ ਪਾਣੀ ਦੇ ਟਿਊਬਵੈਲ ਤੇ ਨਹਿਰਾਂ ਨੇ ਉੱਤਰੀ ਭਾਰਤ 'ਚ ਹਰਾ ਇਨਕਲਾਬ ਲਿਆਉਣ ਵਿਚ ਯੋਗਦਾਨ ਪਾਇਆ

ਹੈ। ਫਸਲਾਂ ਦੀ ਬਿਜਾਈ ਤੇ ਕਟਾਈ ਲਈ ਕੰਬਾਇਨਾਂ ਆ ਗਈਆਂ ਹਨ। ਇਹ ਸਭ ਦੇ ਫਲਸਰੂਪ ਖੇਤੀਬਾੜੀ ਲਈ ਕਾਮਿਆਂ ਦੀ ਤਦਾਦ ਘੱਟ ਗਈ ਹੈ ਕਿਉਂਕਿ ਜ਼ਿਆਦਾ ਕੰਮ ਮਸ਼ੀਨਾਂ ਨਾਲ ਕੀਤਾ ਜਾਣ ਲਗ ਪਿਆ ਹੈ। ਇਹੀ ਕਾਰਨ ਹੈ ਕਿ ਪਿੰਡਾਂ ਦੇ ਲੋਕ ਸ਼ਹਿਰਾਂ ਵਲ ਤੁਰ ਪਏ ਹਨ। ਉਹ ਮਿਲਾਂ ਅਤੇ ਫੈਕਟਰੀਆਂ ਵਿਚ ਨੌਕਰੀ ਕਰਨ ਲਗ ਪਏ ਅਤੇ ਕੁਝ ਨੇ ਵਿਉਪਾਰ ਦਾ ਕਿੱਤਾ ਅਪਣਾ ਲਿਆ ਹੈ। ਸੋ ਟੈਕਨਾਲੋਜੀ ਨੇ ਖੇਤੀਬਾੜੀ ਦੇ ਸਾਧਨਾਂ ਅਤੇ ਪੈਦਾਵਾਰ ਵਿਚ ਸੁਧਾਰ ਲਿਆ ਕੇ ਸਾਡੇ ਜੀਵਨ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ ਹੈ।

### 4.2.4 ਫੈਕਟਰੀ ਸਿਸਟਮ ਤੇ ਜਾਤਪਾਤ

ਅਜਕੱਲ੍ਹ ਦੇ ਆਧੁਨਿਕ ਯੁੱਗ ਵਿਚ ਮਨੁੱਖਾਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ ਹੈ। ਫੈਕਟਰੀ ਸਿਸਟਮ ਸ਼ੁਰੂ ਹੋਣ ਨਾਲ ਘਰੇਗੀ ਉਦਯੋਗ (cottage industry) ਨੂੰ ਕਾਫ਼ੀ ਸੱਟ ਵੱਜੀ ਹੈ ਜਾਂ ਕਹਿ ਲਈਏ ਕਿ ਇਸਦਾ ਖਾਤਮਾ ਹੀ ਹੋ ਗਿਆ ਹੈ। ਵੱਡੀਆਂ ਵੱਡੀਆਂ ਫੈਕਟਰੀਆਂ ਦੇ ਨਿਰਮਾਣ ਨਾਲ ਲੱਖਾਂ ਲੋਕ ਰੁਜ਼ਗਾਰਾਂ ਵਿਚ ਰੁੱਝ ਗਏ ਹਨ। ਇਸ ਫੈਕਟਰੀ ਸਿਸਟਮ ਨਾਲ ਅਨੇਕਾਂ ਸਮਾਜਿਕ ਪਰਿਵਰਤਨ ਆਏ ਜਿਨ੍ਹਾਂ 'ਚ ਸਭ ਤੋਂ ਮਹੱਤਵਪੂਰਨ ਹੈ ਛੂਆ-ਛਾਤ ਜਾਂ ਜਾਤ ਪਾਤ ਦਾ ਖਾਤਮਾ। ਭਾਰਤ ਵਿਚ ਜਾਤੀ ਪ੍ਰਥਾ ਬਹੁਤ ਦੇਰ ਤੋਂ ਚੱਲੀ ਆ ਰਹੀ ਸੀ। ਵੱਖ ਵੱਖ ਜਾਤਾਂ ਦੇ ਲੋਕ ਕਿੱਤਿਆਂ ਵਿਚ ਰੁਝੇ ਹੋਏ ਸਨ। ਉਨ੍ਹਾਂ ਦੀ ਜਾਤ ਦੀ ਤਰ੍ਹਾਂ ਉਨ੍ਹਾਂ ਨੂੰ ਕੰਮ ਵੀ ਵਿਰਸੇ ਵਿਚ ਹੀ ਮਿਲਦਾ ਸੀ। ਬ੍ਰਾਹਮਣ ਦਾ ਬੇਟਾ ਬ੍ਰਾਹਮਣ ਹੀ ਹੋਵੇਗਾ ਅਤੇ ਉਹ ਪੜ੍ਹਾਈ ਲਿਖਾਈ ਹੀ ਕਰੇਗਾ ਅਤੇ ਉਪੇਦਸ਼ ਹੀ ਦੇਵੇਗਾ। ਇਸੇ ਤਰ੍ਹਾਂ ਚਮਾਰ ਦਾ ਬੇਟਾ ਚਮਾਰ ਹੀ ਹੋਵੇਗਾ ਤੇ ਉਹ ਚਮੜੇ ਦਾ ਕੰਮ ਹੀ ਕਰੇਗਾ। ਪਰ ਫੈਕਟਰੀ ਨਿਰਮਾਣ ਨਾਲ ਬਹੁਤ ਵੱਡਾ ਪਰਿਵਰਤਨ ਇਹ ਆਇਆ ਕਿ ਰੋਜ਼ੀ ਰੋਟੀ ਕਮਾਉਣ ਲਈ ਸਭ ਜਾਤਾਂ ਦੇ ਲੋਕ ਇਕ ਛੱਤ ਨੀਚੇ ਕੰਮ ਕਰਨ ਲੱਗੇ। ਬ੍ਰਾਹਮਣ ਇਹ ਗਿਲਾ ਨਹੀਂ ਕਰ ਸਕਦਾ ਕਿ ਉਸ ਦੇ ਨਾਲ ਕੰਮ ਕਰ ਰਿਹਾ ਕਰਮਚਾਰੀ ਸ਼ੂਦਰ ਹੈ, ਇਸ ਲਈ ਉਹ ਭ੍ਰਿਸ਼ਟ ਹੋ ਜਾਵੇਗਾ ਕਿਉਂਕਿ ਫੈਕਟਰੀ ਦਾ ਨਿਯਮ ਹੈ ਕਿ ਨੌਕਰੀ ਕਿਸੇ ਜਾਤ ਤੇ ਆਧਾਰਿਤ ਨਹੀਂ ਬਲਕਿ ਤੁਹਾਡੀ ਕੁਸ਼ਲਤਾ ਜਾਂ ਨਿਪੁੰਨਤਾ ਤੇ ਆਧਾਰਿਤ ਹੈ।

### 4.2.5 ਕਿਰਤ ਵੰਡ

ਟੈਕਨਾਲੋਜੀ ਦੀ ਇਕ ਦੇਣ ਇਹ ਵੀ ਹੈ ਕਿ ਸਾਡੇ ਸਮਾਜ ਵਿਚ ਕਿਰਤ ਦੀ ਵੰਡ (division of labour) ਬਹੁਤ ਜ਼ਿਆਦਾ ਵੱਧ ਗਈ। ਪਹਿਲਾਂ ਸਾਧਾਰਨ ਸਮਾਜ ਸਨ ਅਤੇ ਉਸ ਵਿਚ ਕਿਰਤ ਵੰਡ ਵੀ ਬਹੁਤ ਨਹੀਂ ਸੀ। ਇਕ ਵਿਅਕਤੀ ਕਈ ਤਰ੍ਹਾਂ ਦੇ ਕੰਮ ਕਰਨ ਦੀ ਕੁਸ਼ਲਤਾ ਰਖਦਾ ਸੀ। ਉਦਾਹਰਣ ਵਜੋਂ ਇਕ ਸਕੂਲ ਦੇ ਅਧਿਆਪਕ ਦੀ ਗੱਲ ਹੀ ਲੈ ਲਈਏ। ਇਕ ਅਧਿਆਪਕ ਜਮਾਤ ਦੇ ਬੱਚਿਆਂ ਨੂੰ ਸਾਰੇ ਵਿਸ਼ੇ ਪੜ੍ਹਾਉਣ ਦੀ ਨਿਪੁੰਨਤਾ ਰੱਖਦਾ ਸੀ। ਪਰ ਅੱਜਕਲ ਦੇ ਆਧੁਨਿਕ ਯੁੱਗ ਵਿਚ ਹਰ ਵਿਸ਼ੇ ਲਈ ਇਕ ਅਲਗ ਅਧਿਆਪਕ ਹੁੰਦਾ ਹੈ। ਇਸ ਵੱਧ ਰਹੀ ਕਿਰਤ ਵੰਡ ਦਾ ਕਾਰਨ ਹੈ ਵਧ ਰਹੀ ਪੈਦਾਵਾਰ ਅਤੇ ਸਮੇਂ ਅਤੇ ਨਿਪੁੰਨਤਾ ਦੀ ਲੋੜ। ਹੁਣ ਫੈਕਟਰੀਆਂ ਵਿਚ ਵੱਡੇ ਪੈਮਾਨੇ ਤੇ ਉਤਪਾਦਨ ਹੁੰਦਾ ਹੈ ਜੋ ਕਿ ਕਿਸੇ ਖਾਸ ਪਿੰਡ ਜਾਂ ਤਬਕੇ ਲਈ ਨਹੀਂ ਹੁੰਦਾ ਬਲਕਿ ਸਮੁੱਚੇ ਰਾਸ਼ਟਰ ਦੇ ਲੋਕਾਂ ਅਤੇ ਅੰਤਰ-ਰਾਸ਼ਟਰੀ ਵਿਉਪਾਰ ਵਾਸਤੇ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ। ਜ਼ਿਆਦਾ ਮਾਤਰਾ ਵਿਚ ਚੀਜ਼ਾਂ ਬਣਾਉਣ ਲਈ ਸਮਾਂ ਅਤੇ ਕੰਮ ਨੂੰ ਠੀਕ ਤੇ ਨਿਯਮਿਤ ਰੂਪ ਨਾਲ ਨਿਰਧਾਰਿਤ ਕੀਤਾ ਗਿਆ। ਪੁਰਾਣੇ ਸਮੇਂ ਵਿਚ ਨਾ ਤਾਂ ਇੰਨੇ ਗੁੰਝਲਦਾਰ ਜਾਂ ਜਟਿਲ ਸਮਾਜ ਸੀ ਅਤੇ ਨਾ ਹੀ ਗੁੰਝਲਦਾਰ ਕੰਮ। ਸਾਧਾਰਨ ਵਿਅਕਤੀ ਕਈ ਤਰ੍ਹਾਂ ਦੇ ਸਧਾਰਨ ਕਾਰਜ ਕਰਨ ਦੇ ਸਮੱਰਥ ਸੀ ਪਰ ਸਮੇਂ ਨਾਲ ਅਤੇ ਸਮਾਜਿਕ ਤਬਦੀਲੀ ਨਾਲ ਨਿਪੁੰਨਤਾ ਬਹੁਤ ਵੱਧ ਗਈ। ਹਰ ਛੋਟੇ ਛੋਟੇ ਕੰਮ ਲਈ ਵਿਅਕਤੀ ਇਕ ਦੂਸਰੇ ਤੇ ਨਿਰਭਰ ਕਰਦਾ ਹੈ। ਉਹ ਸਿਰਫ ਕਿਸੇ ਇਕ ਕੰਮ ਵਿਚ ਹੀ ਮਾਹਰ ਹੁੰਦਾ ਹੈ ਅਤੇ ਉਸ ਨੂੰ ਨਿਭਾ ਸਕਦਾ ਹੈ। ਪੁਰਾਤਨ ਸਮਾਜ ਆਤਮ ਨਿਰਭਰ ਸਮਾਜ ਸੀ ਪਰ ਅਜ ਦੇ ਸਮਾਜ ਵਿਚ ਜਿਥੇ ਉਦਯੋਗਿਕ ਧੰਦੇ ਅਤੇ ਕਿਰਤ ਵੰਡ ਵੱਧ ਗਈ ਹੈ ਉਥੇ ਲੋਕ ਦੂਸਰਿਆਂ ਤੇ ਜ਼ਿਆਦਾ ਨਿਰਭਰ ਹੋ ਗਏ ਹਨ।

### 4.2.6 ਸ਼੍ਰੇਣੀ ਪ੍ਰਥਾ

ਇਸ ਉਦਯੋਗੀਕਰਨ ਦੇ ਨਾਲ ਸ਼੍ਰੇਣੀ ਪ੍ਰਥਾ ਉਭਰ ਕੇ ਸਾਹਮਣੇ ਆਈ। ਅਜੋਕੇ ਸਮਾਜ ਵਿਚ ਆਮ ਤੌਰ ਤੇ ਤਿੰਨ ਸ਼੍ਰੇਣੀਆਂ ਵੇਖਣ ਵਿਚ ਆਉਂਦੀਆਂ ਹਨ, ਜਿਵੇਂ ਉਪਰਲੀ ਸ਼੍ਰੇਣੀ, ਮੱਧ ਸ਼੍ਰੇਣੀ ਅਤੇ ਹੇਠਲੀ ਸ਼੍ਰੇਣੀ। ਇਹ ਸ਼੍ਰੇਣੀ ਵੰਡ ਵਿਰਸੇ ਤੇ ਆਧਾਰਿਤ ਨਹੀਂ ਬਲਕਿ ਪੈਸੇ ਦੇ ਆਧਾਰ ਤੇ ਹੋਈ ਹੈ। ਇਨ੍ਹਾਂ ਸ਼੍ਰੇਣੀਆਂ ਵਿਚ ਹਮੇਸ਼ਾਂ ਸੰਘਰਸ਼ ਚਲਦਾ ਰਹਿੰਦਾ ਹੈ। ਇਸੇ ਸੰਘਰਸ਼ ਦੇ ਸਦਕਾ ਸਮਾਜ ਵਿਚ ਜਲੂਸ ਹੜਤਾਲਾਂ ਅਤੇ ਤਾਲੇਬੰਦੀ ਆਦਿ ਅਜਿਹੀਆਂ ਕਿਰਿਆਵਾਂ ਹੋਣ ਲਗ ਪਈਆਂ ਹਨ ਜੋ ਸਾਧਾਰਨ ਸਮਾਜ ਵਿਚ ਨਹੀਂ ਸੀ ਹੁੰਦੀਆਂ। ਇਹ ਵੀ ਇਕ ਸਮਾਜਿਕ ਪਰਿਵਰਤਨ ਹੈ।

### 4.2.7 ਸ਼ਹਿਰੀਕਰਣ

ਉਦਯੋਗੀਕਰਨ ਨਾਲ ਇਕ ਹੋਰ ਸਮਾਜਿਕ ਪਰਿਵਰਤਨ ਇਹ ਵੀ ਆਇਆ ਹੈ ਕਿ ਪਿੰਡਾਂ ਵਿਚ ਵੱਸਦੇ ਲੋਕ ਨੌਕਰੀ ਦੀ

ਭਾਲ ਵਿਚ ਸ਼ਹਿਰਾਂ ਵੱਲ ਨੂੰ ਤੁਰ ਪਏ। ਜਿਸ ਨਾਲ ਸ਼ਹਿਰੀਕਰਨ ਹੋਂਦ ਵਿਚ ਆਇਆ ਅਤੇ ਵੱਡੇ ਵੱਡੇ ਸ਼ਹਿਰਾਂ ਦਾ ਨਿਰਮਾਣ ਹੋਇਆ। ਲੋਕਾਂ ਦੇ ਸ਼ਹਿਰਾਂ ਵਿਚ ਵਸਣ ਕਾਰਣ ਹੀ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਸਕੂਲ, ਕਾਲਜ, ਹਸਪਤਾਲ, ਵੱਡੀਆਂ ਵੱਡੀਆਂ ਦੁਕਾਨਾਂ, ਦਿਲਪਰਚਾਵੇ ਦੇ ਸਾਧਨ ਹੋਂਦ ਵਿਚ ਆਏ। ਇਸ ਕਿਸਮ ਦੇ ਸਾਰੇ ਪਰਿਵਰਤਨ ਇਕ ਦੂਜੇ ਨਾਲ ਸੰਬੰਧਿਤ ਹਨ ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਕ ਦੀ ਹੋਂਦ ਦੂਸਰੇ ਦੀ ਮੌਜੂਦਗੀ ਤੇ ਨਿਰਭਰ ਕਰਦੀ ਹੈ।

**4.2.8 ਔਰਤ ਦੀ ਸਥਿਤੀ**

ਲਗਾਤਾਰ ਵੱਧਦੀ ਟੈਕਨਾਲੋਜੀ ਨੇ ਔਰਤ ਦੀ ਸਥਿਤੀ ਤੇ ਵੀ ਬਹੁਤ ਅਸਰ ਪਾਇਆ ਹੈ। ਨਵੀਆਂ ਨਵੀਆਂ ਕਾਢਾਂ ਨਾਲ ਮਸ਼ੀਨੀ ਯੁੱਗ ਨੇ ਔਰਤ ਦੇ ਕੰਮ ਕਾਜ ਨੂੰ ਸੁਖਾਲਾ ਬਣਾ ਦਿੱਤਾ ਹੈ ਉਸਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਕੇ ਫੈਕਟਰੀਆਂ, ਦੁਕਾਨਾਂ, ਦਫਤਰਾਂ ਵਿਚ ਨੌਕਰੀ ਕਰਨ ਲਈ ਲੈ ਆਂਦਾ ਹੈ। ਇਸ ਨਾਲ ਉਨ੍ਹਾਂ ਦਾ ਸਮਾਜਿਕ ਰੁਤਬਾ ਉੱਚਾ ਉਠਿਆ ਹੈ। ਉਹ ਆਰਥਿਕ ਪੱਖੋਂ ਆਤਮ ਨਿਰਭਰ ਹੋ ਗਈਆਂ ਹਨ। ਪਰਿਵਾਰਕ ਮਾਮਲਿਆਂ ਵਿਚ ਉਨ੍ਹਾਂ ਦੀ ਰਾਏ ਸ਼ਾਮਿਲ ਹੁੰਦੀ ਹੈ। ਉਹ ਆਪਣੇ ਅੰਦਰਲੀ ਸਮਰੱਥਾ ਦਾ ਇਜ਼ਹਾਰ ਵੱਖ-ਵੱਖ ਤਰੀਕਿਆਂ ਨਾਲ ਕਰਨ ਲਗ ਪਈਆਂ ਹਨ। ਸਿਰਫ ਕਢਾਈ, ਸਿਲਾਈ, ਰੋਟੀ ਬਣਾਉਣ ਤੇ ਬੱਚੇ ਪਾਲਣ ਦਾ ਕੰਮ ਹੀ ਜਿਨ੍ਹਾਂ ਨੂੰ ਸੌਂਪਿਆ ਗਿਆ ਸੀ ਉਹ ਉਸ ਤੋਂ ਵਧੇਰੇ ਹੀ ਬਹੁਤ ਕੁਝ ਕਰ ਸਕਦੀਆਂ ਹਨ। ਸਮੇਂ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਬਦਲ ਲਿਆ ਹੈ। ਟੈਕਨਾਲੋਜੀ ਦੀਆਂ ਨਵੀਆਂ ਕਾਢਾਂ ਦਾ ਉਹ ਆਪਣੇ ਕੰਮ 'ਚ ਪੂਰਾ ਲਾਭ ਉਠਾਉਂਦੀਆਂ ਹਨ। ਭਾਵੇਂ ਘਰੇਲੂ ਔਰਤਾਂ ਜ਼ਿਆਦਾਤਰ ਪੁਰਾਣੇ ਢੰਗਾਂ ਨਾਲ ਹੀ ਕੰਮ ਕਰਨਾ ਪਸੰਦ ਕਰਦੀਆਂ ਹਨ। ਪਰ ਸਮੇਂ ਦੇ ਨਾਲ ਨਾਲ ਉਨ੍ਹਾਂ ਵਿਚ ਵੀ ਸਾਜੋ ਸਮਾਨ ਦੀ ਵਰਤੋਂ ਦਾ ਤੇ ਸਹੂਲਤਾਂ ਲੈਣ ਦਾ ਸ਼ੌਕ ਵੱਧ ਗਿਆ ਹੈ।

**4.2.9 ਕਦਰਾਂ ਕੀਮਤਾਂ**

ਉਪਰੋਕਤ ਸਮਾਜਿਕ ਪਰਿਵਰਤਨਾਂ ਦੇ ਨਾਲ ਨਾਲ ਟੈਕਨਾਲੋਜੀ ਨੇ ਸਾਡੀਆਂ ਕਦਰਾਂ ਕੀਮਤਾਂ ਦੇ ਢਾਂਚੇ ਵਿਚ ਵੀ ਪਰਿਵਰਤਨ ਲਿਆਂਦਾ ਹੈ। ਇਹ ਤਾਂ ਕੁਦਰਤੀ ਨਿਯਮ ਹੈ ਕਿ ਕਿਸੇ ਵੀ ਢਾਂਚੇ ਦੇ ਜੇਕਰ ਇਕ ਪੱਖ ਵਿਚ ਪਰਿਵਰਤਨ ਆਉਂਦਾ ਹੈ ਤਾਂ ਉਸਦਾ ਅਸਰ ਬਾਕੀ ਪੱਖਾਂ ਤੇ ਵੀ ਪੈਂਦਾ ਹੈ। ਇਸ ਮਸ਼ੀਨੀ ਯੁੱਗ ਵਿਚ ਜਿਥੇ ਸਮਾਜ ਨਿਰੰਤਰ ਉੱਨਤੀ ਜਾਂ ਤਰੱਕੀ ਵਲ ਵੱਧ ਰਿਹਾ ਹੈ। ਸ਼ਹਿਰੀਕਰਨ ਦਾ ਪ੍ਰਸਾਰ ਹੋ ਰਿਹਾ ਹੈ। ਨਵੀਆਂ ਨਵੀਆਂ ਸ਼੍ਰੇਣੀਆਂ ਪੈਦਾ ਹੋ ਰਹੀਆਂ ਹਨ, ਜਿਥੇ ਪੈਸੇ ਦੀ ਅਹਿਮੀਅਤ ਵੱਧਦੀ ਜਾ ਰਹੀ ਹੈ ਉਥੇ ਸਾਡੀ ਵਿਚਾਰਧਾਰਾ, ਸਾਡੀਆਂ ਮਾਨ ਮਰਿਆਦਾਵਾਂ ਸਾਡੇ ਮੁਲਾਆਕਣਾਂ ਅਤੇ ਸਾਡੀਆਂ ਕਦਰਾਂ ਕੀਮਤਾਂ ਦਾ ਬਦਲਣਾ ਵੀ ਲਾਜ਼ਮੀ ਹੈ। ਤਕਨੀਕੀ ਯੁੱਗ ਵਿਚ ਪੈਸਾ ਅਤੇ ਪੈਦਾਵਾਰ ਦੋ ਹੀ ਮੁੱਖ ਉਦੇਸ਼ ਹਨ। ਹੁਣ ਚੀਜ਼ ਦੀ ਤਦਾਦ ਤੇ ਜ਼ੋਰ ਦਿੱਤਾ ਜਾਂਦਾ ਹੈ ਨਾ ਕਿ ਉਸਦੀ ਕੁਆਲਟੀ ਤੇ। ਇਨਸਾਨਾਂ ਦੀ ਥਾਂ ਮਸ਼ੀਨਾਂ ਹਨ ਜਿਨ੍ਹਾਂ ਕੋਲ ਰਫ਼ਤਾਰ ਹੈ ਪਰ ਭਾਵਨਾਵਾਂ ਅਤੇ ਵਫਾਦਾਰੀ ਨਹੀਂ। ਨੈਤਿਕ ਮੁੱਲਾਂ ਤੇ ਉਦੇਸ਼ਾਂ ਦੀ ਕਦਰ ਘੱਟ ਰਹੀ ਹੈ, ਉਨ੍ਹਾਂ ਦੇ ਅਰਥ ਬਦਲ ਗਏ ਹਨ। ਸਾਡਾ ਵੱਡਾ ਪਰਿਵਾਰ ਹੁਣ ਟੁੱਟ ਕੇ ਛੋਟਾ ਪਰਿਵਾਰ (Nuclear Family) ਹੋਈ ਜਾ ਰਿਹਾ ਹੈ। ਪਤੀ ਪਤਨੀ ਦੇ ਰਿਸ਼ਤੇ ਬਦਲਦੇ ਜਾ ਰਹੇ ਹਨ। ਪਰਿਵਾਰ 'ਚ ਤਣਾਓ ਵੱਧਦਾ ਜਾ ਰਿਹਾ ਹੈ ਅਤੇ ਤਲਾਕ ਦੀ ਦਰ ਵੀ ਵੱਧਦੀ ਜਾ ਰਹੀ ਹੈ। ਵਿਅਕਤੀਤਵ ਵੱਧ ਗਿਆ ਹੈ ਸਮਾਜ ਵਿਚ ਮਾਨਸਿਕ ਤਣਾਉ, ਐਕਸੀਡੈਂਟ, ਬੇਰੁਜ਼ਗਾਰੀ ਆਦਿ ਵੱਧ ਗਏ ਹਨ। ਪਰ ਇਸਦੇ ਨਾਲ ਨਾਲ ਅੰਤਰ ਜਾਤੀ ਵਿਆਹ ਸ਼ੁਰੂ ਹੋ ਗਏ ਹਨ। ਛੂਆ ਛਾਤ ਖਤਮ ਹੋ ਗਿਆ ਹੈ ਜਿਥੋ ਤਕ ਕਿ ਸਾਡੀ ਧਾਰਮਿਕ ਜ਼ਿੰਦਗੀ ਤੇ ਵੀ ਟੈਕਨਾਲੋਜੀ ਦਾ ਅਸਰ ਪਿਆ ਹੈ, ਜਿਵੇਂ ਅਨੇਕਾਂ ਅੰਧ ਵਿਸ਼ਵਾਸ, ਧਾਰਨਾਵਾਂ ਅਤੇ ਧਾਰਮਿਕ ਕੱਟੜਪੁਣੇ ਵਿਚ ਬਦਲਾਓ ਆਇਆ ਹੈ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਤਕਨੀਕੀ ਪਸਾਰੇ ਨਾਲ ਵਿਅਕਤੀ ਦੇ ਹਰ ਪਹਿਲੂ ਯਾਨੀ ਪਰਿਵਾਰਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਵਿਚ ਬਹੁਤ ਤੇਜ਼ੀ ਨਾਲ ਪਰਿਵਰਤਨ ਆਇਆ ਹੈ।

**ਆਪਣਾ ਗਿਆਨ ਪਰਖੋ।**

(ੳ) ਨਵੀਆਂ ਕਾਢਾਂ ਸਮਾਜਿਕ ਤਬਦੀਲੀ ਲਈ ਕਿਵੇਂ ਸਹਾਈ ਹੋਈਆਂ?

___

___

___

___

(ਅ) ਆਵਾਜਾਈ ਦੇ ਸਾਧਨਾਂ ਨਾਲ ਸਮਾਜ ਵਿਚ ਕਿਵੇਂ ਤਬਦੀਲੀ ਆਈ?

(ੲ) ਤਕਨੀਕੀ ਕਾਰਕਾਂ ਕਰਕੇ ਸ਼ਹਿਰੀਕਰਨ ਤੇ ਉਦਯੋਗੀਕਰਨ ਨੇ ਕੀ ਪਰਿਵਰਤਨ ਲਿਆਂਦਾ?

(ਸ) ਔਰਤਾਂ ਦੇ ਸਮਾਜਿਕ ਰੁਤੱਬੇ ਵਿਚ ਕੀ ਬਦਲਾਓ ਆਇਆ?

## 4.3 ਆਰਥਿਕ ਕਾਰਕ (Economic factors)

ਜਿਵੇਂ ਕਿ ਪਿਛਲੇ ਪਾਠ ਵਿਚ ਤੇ ਇਸ ਪਾਠ ਦੇ ਸ਼ੁਰੂ ਵਿਚ ਅਸੀਂ ਵੇਖਿਆ ਹੈ ਕਿ ਪਰਿਵਰਤਨ ਲਈ ਕੋਈ ਇਕ ਕਾਰਕ ਜ਼ਿੰਮੇਵਾਰ ਨਹੀਂ ਪਰ ਹਰ ਕਾਰਕ ਦੀ ਸਮਾਜਿਕ ਪਰਿਵਰਤਨ ਲਿਆਉਣ ਵਿਚ ਆਪਣੀ ਮਹੱਤਤਾ ਹੈ। ਵੱਖੋ ਵੱਖ ਵਿਗਆਨੀ ਵੱਖੋ ਵੱਖ ਕਾਰਕਾਂ ਨੂੰ ਇਸ ਪਰਿਵਰਤਨ ਲਈ ਜ਼ਿੰਮੇਵਾਰ ਸਮਝਦੇ ਹਨ, ਇਸੇ ਤਰ੍ਹਾਂ **ਕਾਰਲ ਮਾਰਕਸ** ਨੇ ਆਰਥਿਕ ਪੱਖ ਨੂੰ ਜ਼ਿਆਦਾ ਮਹੱਤਤਾ ਦਿੰਦੇ ਹੋਏ ਲਿਖਿਆ ਹੈ ਕਿ ਸਮਾਜਿਕ ਪਰਿਵਰਤਨ ਲਿਆਉਣ ਲਈ ਆਰਥਿਕ ਕਾਰਕ ਦਾ ਅਹਿਮ ਰੋਲ ਹੈ। **ਮਾਰਕਸ** ਲਿਖਦੇ ਹਨ ਕਿ ਮਨੁੱਖ ਨੂੰ ਜਿਉਂਦੇ ਰਹਿਣ ਲਈ ਕੁਝ ਬੁਨਿਆਦੀ ਪਦਾਰਥਕ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇਨ੍ਹਾਂ ਲਈ ਉਹ ਸੰਘਰਸ਼ ਕਰਦਾ ਹੈ ਅਤੇ ਪਦਾਰਥਕ ਵਸਤਾਂ ਦੀ ਪੈਦਾਵਾਰ ਕਰਦਾ ਹੈ। **ਮਾਰਕਸ** ਦਾ ਮੰਨਣਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਸਮਾਜਿਕ ਸੰਬੰਧਾਂ ਨੂੰ ਉਸ ਸਮਾਜ ਦਾ ਮੌਜੂਦਾ ਪੈਦਾਵਾਰੀ ਢਾਂਚਾ ਨਿਸ਼ਚਿਤ ਕਰਦਾ ਹੈ। ਜਿਹੋ ਜਿਹਾ ਉਸ ਸਮਾਜ ਦਾ ਅਰਥਚਾਰਾ ਹੋਵੇਗਾ ਉਹ ਜਿਹੇ ਲੋਕਾਂ ਦੇ ਆਪਸੀ ਸੰਬੰਧ ਹੋਣਗੇ। **ਕਾਰਲ ਮਾਰਕਸ** ਨੇ ਇਹ ਵੀ ਬਿਆਨ ਕੀਤਾ ਕਿ ਜਿੰਨੀ ਤੇਜ਼ੀ ਨਾਲ ਸਾਡਾ ਪੈਦਾਵਾਰੀ ਢਾਂਚਾ ਜਾਂ ਸਾਡਾ ਅਰਥਚਾਰਾ ਬਦਲਦਾ ਹੈ ਉੱਨੀ ਤੇਜੀ ਨਾਲ ਸਾਡੇ ਸਮਾਜਿਕ ਸੰਬੰਧ ਨਹੀਂ ਬਦਲਦੇ। ਇਸੇ ਕਰਕੇ ਇਨ੍ਹਾਂ ਪੈਦਾਵਾਰੀ ਢੰਗਾਂ ਤੇ ਸੰਬੰਧਾਂ ਵਿਚ ਸੰਘਰਸ਼ ਹੁੰਦਾ ਹੈ ਜਿਸਦਾ ਸਿੱਟਾ ਇਨਕਲਾਬ ਹੁੰਦਾ ਹੈ।

**ਕਾਰਲ ਮਾਰਕਸ** ਅਨੁਸਾਰ ਸਾਡਾ ਮੌਜੂਦਾ ਸਮਾਜ ਕਈ ਪੜ੍ਹਾਵਾਂ ਵਿਚੋਂ ਲੰਘਿਆ। ਉਨ੍ਹਾਂ ਨੇ ਸਮਾਜ ਦੀ ਇਤਿਹਾਸਕ ਵਿਆਖਿਆ ਕਰਦੇ ਹੋਏ ਇਸਨੂੰ ਮੁੱਖ ਚਾਰ ਭਾਗਾਂ ਵਿਚ ਵੰਡਿਆ ਹੈ। ਉਸ ਅਨੁਸਾਰ ਸਾਡੇ ਸਮਾਜ ਦਾ ਹੌਲੀ ਹੌਲੀ ਵਿਕਾਸ ਹੋਇਆ ਹੈ। ਇਨ੍ਹਾਂ ਵੱਖੋ ਵੱਖ ਪੜਾਵਾਂ ਵਿਚ ਵੱਖੋ-ਵੱਖ ਪੈਦਾਵਾਰੀ ਢਾਂਚਾ ਰਿਹਾ ਹੈ ਅਤੇ ਵੱਖੋ-ਵੱਖ ਸਮਾਜਿਕ ਸੰਬੰਧ ਰਹੇ ਹਨ ਕਿਉਂਕਿ ਪੈਦਾਵਾਰੀ ਢਾਂਚੇ ਦੇ ਬਦਲਣ ਨਾਲ ਸੰਬੰਧਾਂ ਵਿਚ ਵੀ ਬਦਲਾਉ ਆਉਣਾ ਲਾਜ਼ਮੀ ਹੈ। ਜਰਮਨ ਵਿਗਿਆਨੀ ਬੁਚਰ (Bucher) ਅਨੁਸਾਰ ਆਰਥਿਕ ਵਿਕਾਸ ਦੇ ਕਈ ਪੜਾਅ ਹਨ ਅਤੇ ਇਨ੍ਹਾਂ ਵਿਚ ਸਮੇਂ ਸਮੇਂ ਸਿਰ ਬਦਲਾਓ ਆਉਂਦਾ ਰਿਹਾ ਹੈ। ਸਭ ਤੋਂ ਪਹਿਲਾਂ ਅਜ਼ਾਦ ਘਰੇਲੂ ਅਰਥਚਾਰਾ (Independent domestic economy) ਹੈ ਜਿਸ ਵਿਚ ਚੀਜ਼ਾਂ ਦਾ ਵਟਾਂਦਰਾ ਜਾਂ ਲੈਣ ਦੇਣ ਨਹੀਂ ਹੁੰਦਾ ਬਲਕਿ ਮਨੁੱਖ ਆਪਣੀਆਂ ਹੀ ਜ਼ਰੂਰਤਾਂ ਲਈ ਪੈਦਾਵਾਰ ਕਰਦਾ ਹੈ। ਦੂਸਰੀ ਕਿਸਮ ਹੈ ਸ਼ਹਿਰੀ ਅਰਥਚਾਰਾ (town economy) ਜਿਸ ਵਿਚ ਸਿੱਧੇ ਤੌਰ ਤੇ ਵਸਤਾਂ ਦਾ ਲੈਣ ਦੇਣ ਹੁੰਦਾ ਹੈ। ਪਰ ਇਹ ਵਸਤਾਂ ਇਕ ਖਾਸ ਕੌਮ, ਕਸਬੇ ਜਾਂ ਸ਼ਹਿਰ ਦੇ ਲੋਕਾਂ ਦੀ ਪੂਰਤੀ ਲਈ ਬਣਾਈਆਂ ਜਾਂਦੀਆਂ ਹਨ, ਤੀਸਰੀ ਕਿਸਮ ਹੈ ਰਾਸ਼ਟਰੀ ਅਰਥਚਾਰਾ (national economy) ਇਸ ਵਿਚ ਚੀਜ਼ਾਂ ਦੀ ਵਾਧੂ ਪੈਦਾਵਾਰ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਦੂਰ ਦੂਰ ਭੇਜਿਆ ਜਾਂਦਾ ਹੈ। ਇਹ ਪੈਦਾਵਾਰ ਨਾਲ ਦੇਸ਼ ਵਿਦੇਸ਼ ਵਿਚ ਵਿਉਪਾਰ

ਕੀਤਾ ਜਾਂਦਾ ਹੈ। ਇਹ ਵਸਤਾਂ ਆਪਣੇ ਨਿੱਜਾਂ ਜਾਂ ਕੌਮ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਹੀ ਨਾ ਹੋ ਕੇ ਮੁਨਾਫ਼ੇ ਲਈ ਬਣਾਈਆਂ ਅਤੇ ਵੇਚੀਆਂ ਜਾਂਦੀਆਂ ਹਨ।

ਜੇਕਰ ਅਸੀਂ ਇਤਿਹਾਸ ਦੇ ਪੰਨੇ ਪਰਤੀਏ ਅਤੇ ਵੱਖੋ ਵੱਖ ਸਮਿਆਂ ਦੇ ਅਰਥਚਾਰੇ ਦੀ ਨਜਰ ਮਾਰੀਏ ਤਾਂ ਸਾਨੂੰ ਇਨ੍ਹਾਂ ਦੇ ਪੈਦਾਵਾਰੀ ਢਾਂਚੇ ਅਤੇ ਸੰਬੰਧਾਂ ਦੀ ਭਿੰਨਤਾ ਦਾ ਅਹਿਸਾਸ ਹੁੰਦਾ ਹੈ। ਸ਼ੁਰੂ ਸ਼ੁਰੂ ਵਿਚ ਜਦੋਂ ਸ਼ਿਲਪ ਵਿਗਿਆਨ ਜਾਂ ਅਜੋਕੀ ਤਕਨੀਕ ਦਾ ਬੋਲਬਾਲਾ ਨਹੀਂ ਸੀ। ਸਾਰੇ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਹੋਰ ਕਾਰਕ ਇਕ ਦੂਸਰੇ ਨਾਲ ਐਨੇ ਰਲ ਗੱਡ ਹੋਏ ਸਨ ਕਿ ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਦੀ ਪੈਦਾਵਾਰ ਸਿਰਫ ਆਪਣੀ ਨਿੱਜੀ ਖਪਤ ਵਾਸਤੇ ਹੀ ਸੀ। ਲੋਕਾਂ ਦੇ ਆਪਸੀ ਸੰਬੰਧ ਬਹੁਤ ਚੰਗੇ ਸੀ। ਉਨ੍ਹਾਂ ਵਿਚ ਕਿਸੇ ਕਿਸਮ ਦਾ ਵਿਰੋਧ, ਸੰਘਰਸ਼ ਪ੍ਰਤੀਯੋਗਤਾ ਆਦਿ ਨਹੀਂ ਸੀ। ਪੁਰਾਤਨ ਲੋਕ ਕਿਸੇ ਇਕ ਥਾਂ ਤੇ ਨਹੀਂ ਠਹਿਰਦੇ ਸਨ ਬਲਕਿ ਝੁੰਡਾਂ ਦੇ ਵਿਚ ਇਧਰ ਉਧਰ ਤੁਰੇ ਰਹਿੰਦੇ ਸਨ। ਉਹ ਸ਼ਿਕਾਰ ਕਰਦੇ, ਫਲ ਇਕੱਠੇ ਕਰਦੇ ਅਤੇ ਵੰਡ ਕੇ ਖਾ ਲੈਂਦੇ। ਹਰ ਇਕ ਨੂੰ ਉਸ ਦੀ ਲੋੜ ਅਨੁਸਾਰ ਮਿਲ ਜਾਂਦਾ ਸੀ। ਵਸਤਾਂ ਬਚਾ ਕੇ ਰੱਖਣਾ ਜਾਂ ਕਿਸੇ ਚੀਜ਼ ਨੂੰ ਆਪਣੀ ਨਿੱਜੀ ਸੰਪਤੀ ਸਮਝਣਾ ਉਨ੍ਹਾਂ ਲੋਕਾਂ ਦਾ ਮਨੋਰਥ ਨਹੀਂ ਸੀ। ਉਸ ਤੋਂ ਬਾਅਦ ਹੌਲੀ ਹੌਲੀ ਖੇਤੀ ਕਰਨ ਦਾ ਢੰਗ ਆ ਗਿਆ। ਲੋਕ ਨਦੀਆਂ ਦੇ ਕਿਨਾਰਿਆਂ ਤੇ ਆ ਕੇ ਰਹਿਣ ਲੱਗ ਪਏ ਅਤੇ ਸਥਾਪਿਤ ਹੋਣ (Settlement) ਦੀ ਧਾਰਨਾ ਬਣ ਗਈ ਤਾਂ ਉਨ੍ਹਾਂ ਦੀ ਰਹਿਣ ਵਾਲੀ ਥਾਂ ਨਾਲ ਪਹਿਚਾਣ ਬਣੀ ਅਤੇ ਮੇਰ (Possession) ਹੋ ਗਈ। ਜਿਸ ਜ਼ਮੀਨ ਤੇ ਉਹ ਖੇਤੀ ਕਰਦੇ ਸਨ ਉਸਤੇ ਅਲੱਗ ਅਲੱਗ ਕਬਜ਼ਾ ਹੋ ਗਿਆ। ਹੌਲੀ ਹੌਲੀ ਨਿੱਜੀ ਸੰਪਤੀ ਦੀ ਧਾਰਨਾ ਲੋਕਾਂ ਵਿਚ ਪੈਦਾ ਹੋ ਗਈ ਜਿਸ ਕਾਰਨ ਮਾਲਕ ਅਤੇ ਗੁਲਾਮ ਦੇ ਰਿਸ਼ਤੇ ਉਪਜ ਗਏ ਇਹ ਸਭ ਪੈਦਾਵਾਰੀ ਢਾਂਚੇ ਦੀ ਹੀ ਦੇਣ ਸੀ। ਸਾਮੰਤਵਾਦ ਦੇ ਸਮੇਂ ਵਿਚ ਜਦੋਂ ਪੈਦਾਵਾਰ ਵੱਧ ਗਈ ਜੋ ਸਿਰਫ ਆਪਣੀ ਨਿੱਜੀ ਖਪਤ ਲਈ ਨਹੀਂ ਸੀ ਤਾਂ ਉਸਦੇ ਨਾਲ ਨਾਲ ਮਾਲਕ ਤੇ ਗੁਲਾਮ ਦੇ ਰਿਸ਼ਤੇ ਦੀ ਥਾਂ ਜਾਗਰੀਦਾਰ ਤੇ ਮੁਜਾਰੇ ਦੇ ਸੰਬੰਧ ਪੈਦਾ ਹੋਏ।

ਇਨ੍ਹਾਂ ਸਮਾਜਿਕ ਸੰਬੰਧਾਂ ਵਿਚ ਕੇਵਲ ਭਾਵਨਾਵਾਂ ਆਧਾਰ ਨਹੀਂ ਸੀ ਬਲਕਿ ਉਨ੍ਹਾਂ ਦੇ ਨਾਲ ਆਰਥਿਕ ਮੁੱਦਾ ਵੀ ਸ਼ਾਮਿਲ ਸੀ। ਫੇਰ ਜਿਉਂ ਜਿਉਂ ਪੈਦਾਵਾਰੀ ਵੱਧਦੀ ਗਈ ਅਤੇ ਮੁਨਾਫੇ ਲਈ ਵਰਤੀ ਜਾਣ ਲਗੀ ਤਿਉਂ ਤਿਉਂ ਸਮਾਜਿਕ ਸੰਬੰਧਾਂ ਵਿਚ ਵੀ ਬਦਲਾਓ ਆਉਂਦਾ ਰਿਹਾ। ਫਿਰ ਸਮਾਂ ਆਇਆ ਪੂੰਜੀਵਾਦ ਦਾ, ਜਦੋਂ ਪੈਦਾਵਾਰ ਦੇ ਢੰਗ ਖੇਤੀਬਾੜੀ ਨੂੰ ਛੱਡ ਕੇ ਉਦਯੋਗਿਕ ਧੰਦੇ ਹੋ ਗਏ। ਇਸ ਦੇ ਨਾਲ ਸਮਾਜਿਕ ਸੰਬੰਧਾਂ ਤੇ ਰਿਸ਼ਤਿਆਂ ਵਿਚ ਵੀ ਬੜੀ ਤੇਜ਼ੀ ਨਾਲ ਬਦਲਾਅ ਆਇਆ। ਸਰਮਾਏਦਾਰਾਂ ਨੇ ਵੱਡੀਆਂ ਵੱਡੀਆਂ ਫੈਕਟਰੀਆਂ ਦਾ ਨਿਰਮਾਣ ਕੀਤਾ ਜਿੱਥੇ ਲੱਖਾਂ ਦੀ ਤਦਾਦ ਵਿਚ ਲੋਕ ਇਕੱਠੇ ਕੰਮ ਕਰਨ ਲੱਗੇ। ਬੁਰਜੂਆਂ ਅਤੇ ਪ੍ਰੋਲਤਾਰੀਅਤ ਦੇ ਰਿਸ਼ਤੇ ਉੱਪਜੇ। ਬੁਰਜੂਆ ਵਰਗ ਨੇ ਪੈਸਾ ਲਗਾਇਆ ਮੁਨਾਫਾ ਕਮਾਉਣ ਲਈ ਅਤੇ ਪ੍ਰੋਲੇਤਾਰੀਅਤ ਨੇ ਆਪਣੀ ਕਿਰਤ ਵੇਚੀ ਢਿੱਡ ਭਰਨ ਲਈ। ਇਨ੍ਹਾਂ ਦੋਹਾਂ ਵਰਗਾਂ ਦਾ ਆਪਸੀ ਸੰਬੰਧ ਸਿਰਫ ਪੈਸੇ ਦੀ ਨੀਂਹ ਤੇ ਆਧਾਰਿਤ ਹਨ ਜਿਸ ਨਾਲ ਭਾਵਨਾਵਾਂ ਦੀ ਕੋਈ ਥਾਂ ਨਹੀਂ। ਅਜਕਲ੍ਹ ਸਮਾਜ ਦੇ ਸਾਰੇ ਰਿਸ਼ਤੇ ਨਾਤੇ ਸਿਰਫ ਪੈਸੇ ਦੇ ਸੰਬੰਧਾਂ ਤੇ ਨਿਰਧਾਰਿਤ ਹਨ। ਲੋਕ ਇਕ ਦੂਸਰੇ ਦਾ ਸ਼ੋਸਣ ਕਰਦੇ ਹਨ ਅਤੇ ਧੰਨ ਕਮਾਉਂਦੇ ਹਨ। ਜੇਕਰ ਭਾਰਤੀ ਸਮਾਜ ਪਰੱਖਿਆ ਜਾਵੇ ਤਾਂ ਇਥੇ ਇਕੋ ਸਮੇਂ ਵਿਚ ਕਈ ਤਰ੍ਹਾਂ ਦੇ ਆਰਥਿਕ ਨਮੂਨੇ ਵੇਖਣ ਨੂੰ ਮਿਲਦੇ ਹਨ। ਨਾਂ ਤਾਂ ਭਾਰਤ ਨੂੰ ਅਜੇ ਪੂਰੀ ਤਰ੍ਹਾਂ ਉਦਯੋਗਿਕ ਢਾਚੇ ਵਿਚ ਹੀ ਸ਼ਾਮਿਲ ਕੀਤਾ ਜਾ ਸਕਦਾ ਹੈ ਕਿਉਂਕਿ ਇਥੇ ਬਹੁਤੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਨਾ ਹੀ ਇਸ ਨੂੰ ਅਸੀਂ ਪੂਰੀ ਤਰ੍ਹਾਂ ਖੇਤੀ ਪ੍ਰਧਾਨ ਦੇਸ਼ ਕਹਿ ਸਕਦੇ ਹਾਂ ਕਿਉਂਕਿ ਜਮਸ਼ੇਦਪੁਰ, ਦੁਰਗਾਪੁਰ, ਰੂੜਕੇਲਾ, ਲੁਧਿਆਣਾ ਵਰਗੇ ਵੱਡੇ ਉਦਯੋਗਿਕ ਸ਼ਹਿਰ ਵੀ ਇੱਥੇ ਹੀ ਹਨ। ਇਸ ਸਮੇਂ ਜੇਕਰ ਇਸ ਦੇ ਅੰਦਰੂਨੀ ਖੇਤਰਾਂ ਦਾ ਅਧਿਐਨ ਕੀਤਾ ਜਾਵੇ ਤਾਂ ਉਥੇ ਅਜੇ ਵੀ ਕਬਾਇਲੀ ਸਮਾਜ ਦੀ ਝਲਕ ਨਜ਼ਰ ਆਉਂਦੀ ਹੈ। ਸੋ ਭਾਰਤ ਹਾਲ ਦੀ ਘੜੀ ਤਿੰਨ ਤਰ੍ਹਾਂ ਦੇ ਪੈਦਾਵਾਰੀ ਢਾਂਚੇ ਹੰਢਾ ਰਿਹਾ ਹੈ ਅਤੇ ਇਸ ਕਰਕੇ ਅਲਗ ਅਲਗ ਕਿਸਮਾਂ ਦੇ ਸੰਬੰਧ ਸਥਾਪਿਤ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵੱਧ ਰਹੀ ਟੈਕਨਾਲੋਜੀ ਤੇ ਅਰਥਚਾਰੇ ਨਾਲ ਇਹ ਸੰਬੰਧ ਵੀ ਬਦਲਦੇ ਜਾ ਰਹੇ ਹਨ। ਸਾਡੇ ਰਹਿਣ ਸਹਿਣ ਦੇ ਢੰਗ, ਬੋਲਚਾਲ ਦੇ ਤਰੀਕੇ, ਸਾਡੇ ਰੀਤੀ ਰਿਵਾਜ, ਸਾਡੀਆਂ ਰਸਮਾਂ ਸਾਡਾ ਵਿਵਹਾਰ ਅਤੇ ਜ਼ਿੰਦਗੀ ਦੇ ਸਾਰੇ ਹੀਲੇ ਵਸੀਲੇ ਵੀ ਬਦਲਦੇ ਜਾ ਰਹੇ ਹਨ ਭਾਵੇਂ ਇਨ੍ਹਾਂ ਦੇ ਬਦਲਣ ਦੀ ਗਤੀ ਮੱਧਮ ਹੈ ਪਰ ਇਨ੍ਹਾਂ ਵਿਚ ਪਰਿਵਰਤਨ ਨਿਰੰਤਰ ਹੋ ਰਿਹਾ ਹੈ। ਇਹ ਆਰਥਿਕ ਪ੍ਰਭਾਵ ਦਾ ਹੀ ਨਤੀਜਾ ਹੈ ਕਿ ਸਾਡੇ ਪਰਿਵਾਰ ਟੁੱਟਦੇ ਜਾ ਰਹੇ ਹਨ। ਮਾਂ-ਬਾਪ ਤੇ ਭੈਣ ਭਾਈਆਂ ਦੇ ਆਪਸੀ ਸੰਬੰਧ ਵੀ ਭਾਵਨਾਵਾਂ ਦੀ ਥਾਂ ਪੈਸੇ ਤੇ ਆਧਾਰਿਤ ਹੁੰਦੇ ਜਾ ਰਹੇ ਹਨ। ਔਰਤ ਨੂੰ ਪੈਸੇ ਦੀ ਕਮਾਈ ਲਈ ਹੀ ਘਰੋ ਨਿਕਲ ਕੇ ਨੌਕਰੀ ਕਰਨੀ ਪਈ। ਬੇਸ਼ੱਕ ਉਸਦੀ ਦਸ਼ਾ ਕੁਝ ਸੁਧਰੀ ਪਰ ਇਸਦੇ ਨਾਲ ਕਈ ਹੋਰ ਸਮੱਸਿਆਵਾਂ ਪੇਸ਼ ਆਉਣ ਲੱਗ ਪਈਆਂ। ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਅਸੀਂ ਨੈਤਿਕਤਾ ਦੀ ਥਾਂ ਪਦਾਰਥਕ ਚੀਜ਼ਾਂ ਨੂੰ ਮਹੱਤਤਾ ਦੇਣ ਲੱਗ ਪਏ ਹਾਂ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਾਡੀ ਸਮਾਜਿਕ ਜ਼ਿੰਦਗੀ, ਆਪਸੀ ਸੰਬੰਧਾਂ, ਜਿਊਣ ਦੇ ਢੰਗ ਵਿਚ ਆਉਣ ਵਾਲੇ ਪਰਿਵਰਤਨ ਲਈ ਆਰਥਿਕ ਕਾਰਕ ਦਾ ਅਹਿਮ ਰੋਲ ਹੈ।

### 4.4 ਸਾਰ

ਇਨ੍ਹਾਂ ਦੋਵਾਂ ਪਾਠਾਂ ਵਿਚ ਅਸੀਂ ਸਮਾਜਿਕ ਪਰਿਵਰਤਨ ਦੇ ਕਾਰਕਾਂ ਬਾਰੇ ਪੜ੍ਹਿਆ ਅਤੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ

ਸਮਾਜਿਕ ਪਰਿਵਰਤਨ ਕਿਸੇ ਇਕ ਕਾਰਕ ਕਰਕੇ ਨਹੀਂ ਆਉਂਦਾ ਬਲਕਿ ਕਾਫੀ ਸਾਰੇ ਕਾਰਕ ਮਿਲ ਕੇ ਹੀ ਇਹ ਬਦਲਾਓ ਲਿਆਉਂਦੇ ਹਨ। ਇਹ ਠੀਕ ਹੈ ਕਿ ਕਿਸੇ ਸਮੇਂ ਵਿਚ ਕਿਸੇ ਇਕ ਕਾਰਕ ਦੀ ਮਹੱਤਤਾ ਕੁਝ ਜ਼ਿਆਦਾ ਹੁੰਦੀ ਹੈ ਅਤੇ ਦੂਸਰਿਆਂ ਦੀ ਥੋੜ੍ਹੀ ਘੱਟ।

4.7 ਮਾਡਲ ਉੱਤਰ

(ੳ) ਕਿਰਤ ਵੰਡ :

ਕਿਰਤ ਵੰਡ ਤੋਂ ਭਾਵ ਹੈ ਆਪਣੀ ਕਾਬਲੀਅਤ ਜਾਂ ਯੋਗਤਾ ਅਨੁਸਾਰ ਕੰਮ ਨੂੰ ਵੰਡਣਾ। ਸਾਧਾਰਣ ਜਾਂ ਪੁਰਾਤਨ ਸਮਾਜ ਵਿਚ ਕਿਰਤ ਵੰਡ ਵੀ ਸਾਧਾਰਨ ਹੀ ਸੀ। ਇਕ ਵਿਅਕਤੀ ਕਈ ਤਰ੍ਹਾਂ ਦੇ ਕੰਮ ਕਰਨ ਦੀ ਕੁਸ਼ਲਤਾ ਰੱਖਦਾ ਸੀ ਜਿਵੇਂ ਦਰਜੀ ਦੀ ਉਦਾਹਰਣ ਲੈ ਲਈਏ। ਪਹਿਲਾਂ ਪਿੰਡ ਦਾ ਦਰਜੀ ਆਪੇ ਕਪੜਾ ਕਟਦਾ, ਸਿਲਦਾ, ਕਾਜ ਕਰਦਾ ਤੇ ਸੂਟ ਤਿਆਰ ਕਰ ਦਿੰਦਾ ਸੀ ਪ੍ਰੰਤੂ ਅਜਕਲ੍ਹ ਦੇ ਸਮੇਂ ਵਿਚ ਸੂਟ ਦੀ ਕਟਾਈ ਇੱਕ ਵਿਅਕਤੀ ਕਰਦਾ ਹੈ ਕਮੀਜ਼ ਹੋਰ ਵਿਅਕਤੀ ਸਿਲਦਾ ਹੈ ਤੇ ਸਲਵਾਰ ਹੋਰ ਕਾਜ ਕੋਈ ਹੋਰ ਕਰਦਾ ਹੈ। ਹਰੇਕ ਵਿਅਕਤੀ ਛੋਟੇ ਜਿਹੇ ਕੰਮ ਵਿਚ ਨਿਪੁੰਨ ਹੁੰਦਾ ਜਾ ਰਿਹਾ ਹੈ। ਵੱਧ ਰਹੀ ਲੋੜ ਮੁਤਾਬਿਕ ਕਿਰਤ ਵੰਡ ਵੀ ਵੱਧੀ ਜਾ ਰਹੀ ਹੈ ਅਤੇ ਲੋਕਾਂ ਵਿੱਚ ਨਿਪੁੰਨਤਾ ਤੇ ਅੰਤਰ ਨਿਰਭਰਤਾ ਸਾਰੀਆਂ ਚੀਜਾਂ ਦਿਨੋ ਦਿਨ ਵੱਧ ਰਹੀਆਂ ਹਨ ਅਤੇ ਅਸੀਂ ਇਕ ਦੂਸਰੇ ਤੇ ਜ਼ਿਆਦਾ ਨਿਰਭਰ ਹੁੰਦੇ ਜਾ ਰਹੇ ਹਾਂ।

(ਅ) **ਸ਼ਹਿਰੀਕਰਣ** : ਸ਼ਹਿਰੀਕਰਣ ਤੋਂ ਭਾਵ ਹੈ ਸ਼ਹਿਰਾਂ ਦੇ ਸਥਾਪਿਤ ਹੋਣ ਦੀ ਪ੍ਰਕ੍ਰਿਆ। ਭਾਰਤ ਦੀ ਵਸੋਂ ਪਹਿਲਾਂ ਪਿੰਡਾਂ ਵਿਚ ਹੀ ਰਹਿੰਦੀ ਸੀ। ਅੰਗ੍ਰੇਜ਼ਾਂ ਦੇ ਆਉਣ ਨਾਲ ਉਦਯੋਗ ਸਥਾਪਿਤ ਹੋਏ। ਨੌਕਰੀ ਦੀ ਤਲਾਸ਼ ਵਿਚ ਲੋਕ ਪਿੰਡਾਂ ਵਿਚੋਂ ਨਿਕਲ ਆਏ ਤੇ ਉਦਯੋਗਾਂ ਦੇ ਨਜ਼ਦੀਕ ਹੀ ਆ ਕੇ ਵਸਣਾ ਸ਼ੁਰੂ ਹੋ ਗਏ ਜਿਸ ਨਾਲ ਸ਼ਹਿਰਾਂ ਦਾ ਨਿਰਮਾਣ ਹੋਇਆ। ਲੋਕਾਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਉਥੇ ਸਕੂਲ, ਕਾਲਜ, ਹਸਪਤਾਲ, ਦੁਕਾਨਾਂ, ਮੰਦਿਰ, ਗੁਰਦੁਆਰੇ, ਦਿਲ ਪਰਚਾਵੇ ਦੇ ਸਾਧਨ ਆਦਿ ਹੋਂਦ ਵਿਚ ਆਏ। ਸਹਿਰਾਂ ਵਿਚ ਬਿਜਲੀ, ਪਾਣੀ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਦੀ ਸਹੂਲਤ ਹੋਣ ਕਾਰਨ ਇਹ ਕੇਂਦਰ ਲੋਕਾਂ ਦੀ ਖਿੱਚ ਦਾ ਕਾਰਨ ਬਣੇ। ਪਹਿਲਾਂ ਛੋਟੇ ਛੋਟੇ ਕਸਬਿਆਂ ਦਾ ਨਿਰਮਾਣ ਹੋਇਆ। ਫਿਰ ਸਹਿਰਾਂ ਦਾ ਤੇ ਫਿਰ ਮਹਾਂ-ਨਗਰਾਂ ਦਾ ਇਸ ਸਾਰੀ ਪ੍ਰਕ੍ਰਿਆ ਨੂੰ ਹੀ ਸਹਿਰੀਕਰਣ ਦਾ ਨਾਂ ਦਿੱਤਾ ਜਾਂਦਾ ਹੈ।

4.6 ਮੁੱਖ ਸ਼ਬਦ

1. **ਤਕਨੀਕ** : ਸਾਧਨਾਂ ਅਤੇ ਯੰਤਰਾਂ ਨੂੰ ਇਕੱਠੇ ਕਰਕੇ ਮਨੁੱਖ ਦੁਆਰਾ ਪਦਾਰਥਕ ਚੌਗਿਰਦੇ ਨੂੰ ਕਾਬੂ ਕਰਨ ਜਾਂ ਉਸ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼।
2. **ਕਿਰਤ ਵੰਡ** : ਕਾਰਜ ਕੁਸ਼ਲਤਾ ਅਨੁਸਾਰ ਕੰਮ ਨੂੰ ਵੰਡਣਾ
3. **ਨਿਪੁੰਨਤਾ** : ਕਿਸੇ ਖਾਸ ਕੰਮ ਵਿਚ ਕੁਸ਼ਲ ਹੋਣਾ।
4. **ਘਰੇਗੀ ਉਦਯੋਗ** : ਘਰਾਂ ਵਿਚ ਛੋਟੇ ਛੋਟੇ ਉਦਯੋਗ ਸਥਾਪਿਤ ਸਨ ਜਿਵੇਂ ਖੱਡੀਆਂ ਆਦਿ।
5. **ਮੂਲ ਪਰਿਵਾਰ** : ਉਹ ਪਰਿਵਾਰ ਜਿਸ ਵਿਚ ਕੇਵਲ ਪਤੀ ਪਤਨੀ ਅਤੇ ਬੱਚੇ ਸ਼ਾਮਿਲ ਹੁੰਦੇ ਹਨ।

4.7 ਅਭਿਆਸ ਲਈ ਪ੍ਰਸ਼ਨ

(ੳ) ਕੀ ਸਮਾਜਿਕ ਪਰਿਵਰਤਨ ਆਰਥਿਕ ਕਾਰਕਾਂ ਕਰਕੇ ਵੀ ਆਉਂਦਾ ਹੈ? ਜੇ ਹਾਂ ਤਾਂ ਰੋਸ਼ਨੀ ਪਾਓ।

(ਅ) ਤਕਨੀਕ ਸਮਾਜਿਕ ਪਰਿਵਰਤਨ ਲਿਆਉਣ ਵਿਚ ਕਿਵੇਂ ਸਹਾਈ ਹੋਈ? ਬਿਆਨ ਕਰੋ।

ਸੰਖੇਪ ਸਵਾਲ

(ੳ) ਕਿਰਤ ਵੰਡ ਕਿਸਨੂੰ ਆਖਦੇ ਹਨ?

(ਅ) ਸਮਾਜਿਕ ਪਰਿਵਰਤਨ ਲਿਆਉਣ ਵਿਚ ਸਹਾਇਕ ਕਾਰਕਾਂ ਦੇ ਨਾਂ ਦਿਉ।

(ੲ) ਜਰਮਨ ਵਿਗਿਆਨੀ ਬੂਚਰ ਨੇ ਆਰਥਿਕ ਵਿਕਾਸ ਦੇ ਕਿੰਨੇ ਅਤੇ ਕਿਹੜੇ ਕਿਹੜੇ ਪੜ੍ਹਾਵਾਂ ਦਾ ਜ਼ਿਕਰ ਕੀਤਾ ਹੈ?

(ਸ) ਸਮਾਜਿਕ ਪਰਿਵਰਤਨ ਲਈ ਤਕਨੀਕ ਕਿਵੇਂ ਜ਼ਿੰਮੇਵਾਰ ਹੈ?

4.8 ਪੁਸਤਕ ਸੂਚੀ


1. Harry M.Johnson : Sociology-A Systematic Introduction
2. P.Gisbert : Fundamentals of Sociology
3. B. Kuppuswamy : Social Change in India
4. Savinderjeet Kaur : General Sociology II
5. Vidyabhusan Sachdeva : An Introduction in Sociology